T-3

ਸੋਹੰ ਹਰਿ

ਟ੍ਰੈਕਟ ਨੰ. 3 | ਅਪ੍ਰੈਲ 1998 | ਭੋਗਪੁਰ, ਜਲੰਧਰ

# ਗਰੀਬ ਨਿਵਾਜ



ਸ੍ਰੀ ਗੁਰੂ ਰਵਿਦਾਸ ਜੀ

ਕੀਮਤ 3.00 ਰੁਪਏ

ਪ੍ਰਕਾਸ਼ਕ :
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾ: ਬਿਨਪਾਲਕੇ, ਜ਼ਿਲ੍ਹਾ ਜਲੰਧਰ-144 201

# ਗੁਰਬਾਣੀ ਵਿਚਾਰ

ੴ ਸਤਿਗੁਰ ਪ੍ਰਸਾਦਿ ॥
ਰਾਗ ਮਾਰੂ ਬਾਣੀ ਰਵਿਦਾਸ ਜੀਉ ਕੀ।
ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰ ਧਰੈ ॥ ੧ ॥ ਰਹਾਉ ॥
ਜਾਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ॥
ਨਾਮ ਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ,
ਹਰਿ ਜੀਉ ਤੇ ਸਭੈ ਸਰੈ ॥ ੨ ॥ ੧ ॥

ਇਹ ਸ਼ਬਦ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਰਾਗ ਮਾਰੂ ਵਿਚ ਉਚਾਰਿਆ ਗਇਆ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ ਨੰ: 1106 ਤੇ ਦਰਜ ਹੈ।

ਜਿਸ ਸਮੇਂ ਹਰ ਪਾਸੇ ਗੁਰੂ ਰਵਿਦਾਸ ਜੀ ਦੀ ਜੈ ਜੈ ਕਾਰ ਹੋਣ ਲੱਗੀ, ਰਾਜੇ ਮਹਾਰਾਜੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਆਉਂਦੇ ਹਨ, ਸਿਰ ਤੇ ਸੋਨੇ ਦਾ ਛਤ੍ਰ ਵੀ ਝੂਲ ਰਿਹਾ ਹੈ ਉਸ ਸਮੇਂ ਇਹ ਸ਼ਬਦ ਉਚਾਰਿਆ ਗਿਆ।

ਇਸ ਸ਼ਬਦ ਦੀ ਪਹਿਲੀ ਪੰਗਤੀ ਵਿਚ ਤਾਂ ਉਸ ਸੋਹਣੇ ਪ੍ਰਭੂ ਦਾ ਧੰਨਵਾਦ ਕਰਦੇ ਹਨ। ਅਗਲੀਆਂ ਪੰਕਤੀਆਂ ਵਿਚ ਸੰਗਤਾਂ ਨੂੰ ਸਿੱਖਿਆ ਦਿੰਦੇ ਹਨ।

**ਅਰਥ :**—ਹੇ ਸੋਹਣੇ ਪ੍ਰਭੂ! ਤੈਥੋਂ ਬਿਨਾਂ ਅਜਿਹੀ ਕਰਨੀ ਹੋਰ ਕੌਣ ਕਰ ਸਕਦਾ ਹੈ। (ਹੇ ਭਾਈ) ਮੇਰਾ ਪ੍ਰਭੂ ਗਰੀਬਾਂ ਨੂੰ ਮਾਣ ਦੇਣ ਵਾਲਾ ਹੈ।) (ਗਰੀਬਾਂ ਦੇ) ਸਿਰ ਤੇ ਛਤਰ ਝੁਲਾ ਦਿੰਦਾ ਹੈ ਭਾਵ ਗਰੀਬਾਂ ਨੂੰ ਵੀ ਰਾਜਾ ਬਣਾ ਦੇਂਦਾ ਹੈ। ੧। ਰਹਾਉ।

(ਜਿਸ ਮਨੁੱਖ ਨੂੰ ਇਤਨਾ ਨੀਵਾਂ ਸਮਝਿਆ ਜਾਂਦਾ ਹੋਵੇ) ਕਿ ਉਸਦੀ ਭਿਟ ਸਾਰੇ ਸੰਸਾਰ ਨੂੰ ਲੱਗ ਜਾਵੇ (ਭਾਵ ਜਿਸ ਮਨੁੱਖ ਦੇ ਛੁਹਣ ਨਾਲ ਹੋਰ ਸਾਰੇ ਲੋਕ ਆਪਣੇ ਆਪ ਨੂੰ ਭਿਟਿਆ ਗਿਆ ਸਮਝਣ ਲੱਗ ਪੈਣ) ਉਸ ਮਨੁੱਖ ਉੱਤੇ (ਹੇ ਪ੍ਰਭੂ) ਤੂੰ ਹੀ ਕ੍ਰਿਪਾ ਕਰਦਾ ਹੈਂ (ਹੇ ਭਾਈ) ਮੇਰਾ ਗੋਬਿੰਦ ਨੀਚ ਬੰਦਿਆਂ ਨੂੰ ਉੱਚੇ ਬਣਾ ਦੇਂਦਾ ਹੈ। ਉਹ ਕਿਸੇ ਤੋਂ ਡਰਦਾ ਨਹੀਂ। ੧।

(ਪ੍ਰਭੂ ਦੀ ਕਿਰਪਾ ਨਾਲ ਹੀ) ਨਾਮ ਦੇਵ, ਕਬੀਰ, ਤ੍ਰਿਲੋਚਨ, ਸਧਨਾ ਤੇ ਸੈਨ (ਆਦਿਕ ਭਗਤ ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ। ਰਵਿਦਾਸ ਜੀ ਫਰਮਾਉਂਦੇ ਹਨ ਕਿ ਸੰਤ ਜਨੋ! ਸੁਣੋ ਪ੍ਰਭੂ, ਸਭ ਕੁਝ ਕਰਨ ਦੇ ਸਮਰੱਥ ਹੈ। ੨। ੧।

*ਨੋਟ*—ਲਫ਼ਜ਼ ਨੀਚਹ ਨੂੰ ਆਮ ਤੌਰ ਤੇ ਲੋਕ ਨੀਚਹੁ ਪੜ੍ਹਦੇ ਹਨ ਸਹੀ ਲਫ਼ਜ਼ ਨੀਚਹ ਹੈ।

**ਸ਼ਬਦ ਦਾ ਭਾਵ :**—ਇਸ ਸਾਰੇ ਸ਼ਬਦ ਦਾ ਭਾਵ ਹੈ ਕਿ ਭਾਵੇਂ ਕੋਈ ਕਿੰਨਾ ਵੀ ਗਰੀਬ ਕਿਉਂ ਨਾ ਹੋਵੇ, ਪ੍ਰਮਾਤਮਾ ਦਾ ਹੀ ਭਾਣਾ ਮੰਨਣ ਲੱਗ ਪਵੇ ਤਾਂ ਪ੍ਰਮਾਤਮਾ ਉਸ ਜੀਵ ਨੂੰ ਵੀ ਰਾਜਾ ਬਣਾ ਸਕਦਾ ਹੈ।

# ਸੰਪਾਦਕੀ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ ਪਿੰਡ ਤੇ ਡਾਕਖਾਨਾ ਬਿਨਪਾਲਕੇ ਭੋਗਪੁਰ ਪਿਛਲੇ ਦੋ ਤਿੰਨ ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਿਚ ਰੁੱਝੀ ਹੋਈ ਹੈ। ਹੁਣ ਤੱਕ ਅਸੀਂ ਦੋ ਟ੍ਰੈਕਟ ਛਾਪ ਕੇ ਸੰਗਤਾਂ ਦੀ ਭੇਟਾ ਕਰ ਚੁੱਕੇ ਹਾਂ।

ਇਸ ਸਬੰਧ ਵਿਚ ਸਾਨੂੰ ਸੰਗਤ ਵਲੋਂ ਭਰਪੂਰ ਹੁੰਗਾਰਾ ਮਿਲਿਆ ਤੇ ਮਿਲ ਰਿਹਾ ਹੈ। ਸਾਨੂੰ ਢੇਰ ਸਾਰੀਆਂ ਚਿੱਠੀਆਂ ਤੇ ਮਾਇਆ ਦੇ ਗੱਫੇ ਮਿਲ ਰਹੇ ਹਨ। ਸੰਗਤਾਂ ਦੇ ਜ਼ੋਰ ਪਾਉਣ ਉੱਤੇ ਅਸੀਂ ਹਰ ਮਹੀਨੇ ਇਕ ਟ੍ਰੈਕਟ ਛਾਪਣ ਦਾ ਫੈਸਲਾ ਕੀਤਾ ਹੈ ਜਿਹੜਾ ਕਿ ਸਮਾਂ ਪਾ ਕੇ ਮਾਸਿਕ ਮੈਗਜ਼ੀਨ ਦਾ ਰੂਪ ਵੀ ਧਾਰ ਸਕਦਾ ਹੈ।

ਇਸ ਸਬੰਧੀ ਅਸੀਂ ਲੇਖਕਾਂ, ਸਾਹਿਤਕਾਰਾਂ ਅਤੇ ਚਿੰਤਕਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਵਾਲੀਆਂ ਰਚਨਾਵਾਂ ਸਾਨੂੰ ਭੇਜਣ ਤਾਂ ਕਿ ਅਸੀਂ ਆਪਣੀ ਸੰਗਤ ਅਤੇ ਕੌਮ ਦੀ ਸੇਵਾ ਚੰਗੇ ਢੰਗ ਨਾਲ ਕਰ ਸਕੀਏ।

ਇਸ ਲੇਖ ਲੜੀ ਨੂੰ ਨਿਰੰਤਰ ਚਲਾਉਣ ਲਈ ਇਸ ਦਾ ਸਾਲਾਨਾ ਚੰਦਾ 30/- ਰੁਪਏ ਨਿਰਧਾਰਤ ਕੀਤਾ ਗਿਆ ਹੈ। ਆਸ ਹੈ ਸੰਗਤਾਂ ਭਰਪੂਰ ਉਤਸ਼ਾਹ ਨਾਲ ਇਸ ਸੇਵਾ ਵਿਚ ਯੋਗਦਾਨ ਪਾਉਣਗੀਆਂ।

ਤੁਹਾਡੇ ਵਲੋਂ ਆਏ ਸੁਝਾਅ ਸਾਡਾ ਮਾਰਗ-ਦਰਸ਼ਨ ਕਰਨ ਵਿਚ ਸਹਾਈ ਹੋਣਗੇ।

ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨਾਲ ਸੰਬੰਧਿਤ ਸੰਸਥਾਵਾਂ ਆਪਣੀਆਂ ਗਤੀਵਿਧੀਆਂ ਦੀ ਰਿਪੋਰਟ ਸਾਨੂੰ ਭੇਜ ਸਕਦੀਆਂ ਹਨ ਜਿਨ੍ਹਾਂ ਨੂੰ ਛਾਪ ਕੇ ਅਸੀਂ ਖੁਸ਼ੀ ਮਹਿਸੂਸ ਕਰਾਂਗੇ।

—ਸੰਪਾਦਕ

ਸੰਪਾਦਕੀ ਮੰਡਲ :

**ਰਛਪਾਲ ਸਿੰਘ ਬੱਧਣ, ਚਰਨਜੀਤ ਸਿੰਘ ਅਤੇ ਕਮਲਜੀਤ**

# ਗੁਰੂ ਰਵਿਦਾਸ ਜੀ ਦਾ ਮਿਸ਼ਨ ਪ੍ਰਚਾਰ ਕਿਉਂ ਅਤੇ ਕਿਵੇਂ ?

ਲੇਖਕ—ਚਰਨਜੀਤ ਸਿੰਘ

ਸਾਨੂੰ ਬੜੀ ਮੁਸ਼ਕਿਲ ਨਾਲ ਅਨੇਕ ਜੂਨਾਂ ਭਟਕਣ ਤੋਂ ਬਾਅਦ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਕੇਵਲ ਇਹੀ ਜਨਮ ਐਸਾ ਹੈ ਜਿਸ ਵਿਚ ਮਨੁੱਖ ਹਰੀ ਨੂੰ ਸਵਾਸ-ਸਵਾਸ ਚੇਤੇ ਕਰਕੇ 84 ਲੱਖ ਜੂਨਾਂ ਤੋਂ ਮੁਕਤ ਹੋ ਕੇ ਉਸ ਪ੍ਰਭੂ ਵਿਚ ਲੀਨ ਹੋ ਸਕਦਾ ਹੈ। ਲੀਨ ਕਿਸ ਤਰ੍ਹਾਂ ਹੁੰਦਾ ਹੈ। ਗੁਰਬਾਣੀ ਦੱਸਦੀ ਹੈ।

*ਜਿਉ ਜਲ ਮਹਿ ਜਲ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥*

ਸੋ ਭਾਈ ਅਸੀਂ ਇਸ ਦੁਨੀਆ ਤੇ ਲਾਹਾ ਲੈਣ ਵਾਸਤੇ ਆਏ ਹਾਂ। ਪਰ ਅਫਸੋਸ ਅਸੀਂ ਪ੍ਰਭੂ ਦੇ ਮੋਹ ਵਿਚ ਫਸਣ ਦੀ ਬਜਾਏ ਉਸ ਦੀਆਂ ਬਣਾਈਆਂ ਵਸਤਾਂ ਦੇ ਮੋਹ ਵਿਚ ਫਸ ਗਏ ਹਾਂ ?ਉਹ ਵਸਤਾਂ ਜਿਹੜੀਆਂ ਕਿ ਉਸ ਨੇ ਸਾਡੇ ਜੀਵਨ ਨਿਰਬਾਹ ਵਾਸਤੇ ਬਣਾਈਆਂ ਸਨ। ਸੋ ਸਾਡੇ ਵਾਸਤੇ ਇਹ ਜ਼ਰੂਰੀ ਹੈ ਕਿ ਸਾਨੂੰ ਕੋਈ ਸਹੀ ਰਸਤਾ, ਸਹੀ ਮੰਜ਼ਲ ਦਿਖਾਉਣ ਵਾਲਾ ਮਿਲੇ। ਸੱਚ ਦਾ ਮਾਰਗ ਲੱਭਣਾ ਕੋਈ ਮੁਸ਼ਕਿਲ ਤਾਂ ਨਹੀਂ ਸੀ, ਪਰ ਜਿਵੇਂ ਬਹੁਤ ਸਾਰੇ ਨਕਲੀ ਹੀਰਿਆਂ ਵਿਚੋਂ ਅਸਲੀ ਹੀਰੇ ਦੀ ਪਹਿਚਾਨ ਕਰਨੀ ਔਖੀ ਹੋ ਜਾਂਦੀ ਹੈ, ਇਸ ਤਰ੍ਹਾਂ ਬਹੁਤ ਸਾਰੇ ਗਲਤ ਰਸਤਿਆਂ ਵਿਚੋਂ ਸਹੀ ਰਸਤਾ ਲੱਭਣਾ ਮੁਸ਼ਕਲ ਹੋ ਜਾਂਦਾ ਹੈ।

ਗੁਰੂ ਰਵਿਦਾਸ ਜੀ ਦੁਆਰਾ ਮਨੁੱਖ ਨੂੰ ਹਰੀ ਦਾ ਦਰਸਾਇਆ ਹੋਇਆ ਮਾਰਗ ਅਤੇ ਮੰਜ਼ਿਲ ਬਿਲਕੁਲ ਸਹੀ ਅਤੇ ਸੌਖੀ ਹੈ। ਇਹ ਮਾਰਗ ਦੂਸਰੀਆਂ ਕਰਮ-ਕਾਂਡੀ ਅਤੇ ਮੰਜ਼ਲਹੀਨ ਡੰਡੀਆਂ ਤੋਂ ਬਹੁਤ ਵਧੀਆ ਅਤੇ ਸ਼ੁੱਧ ਹੈ। ਇਹ ਪ੍ਰਾਣੀ ਨੂੰ ਸਹੀ ਮੰਜ਼ਲ ਤੇ ਲੈ ਜਾਂਦਾ ਹੈ। ਸੋ ਇਸ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਨੂੰ ਇਸ ਮਾਰਗ ਬਾਰੇ ਦੱਸਿਆ ਜਾਵੇ ਅਤੇ ਇਸ ਤੇ ਚੱਲਣ ਲਈ ਪ੍ਰੇਰਿਤ ਕੀਤਾ ਜਾਵੇ।

ਅੱਜ ਸਾਡੀ ਦਲਿਤ ਕੌਮ ਵਿਚ ਬਹੁਤੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਗਰੀਬੀ ਦਾ ਇਕ ਇਹ ਕਾਰਨ ਵੀ ਹੈ ਕਿ ਸਾਡੇ ਪਾਸ ਠੀਕ ਧਾਰਮਿਕ ਮੰਜ਼ਲ ਨਾ ਹੋਣਾ। ਇਸ ਕਰਕੇ ਅਸੀਂ ਕਈ ਪ੍ਰਕਾਰ ਦੇ ਵਹਿਮਾਂ, ਭਰਮਾਂ, ਪਾਖੰਡਾਂ ਅਤੇ ਫਜ਼ੂਲ ਦੇ ਰੀਤੀ ਰਿਵਾਜਾਂ ਵਿਚ ਫਸੇ ਹੋਏ ਹਾਂ। ਸਾਡੇ ਪਾਸ ਢਿੱਡ ਨੂੰ ਝੁਲਕਾ ਦੇਣ ਵਾਸਤੇ ਰੋਟੀ ਲਈ ਆਟਾ ਤਾਂ ਭਾਵੇਂ ਨਾ ਹੋਵੇ ਪਰ ਅਸੀਂ ਇਨ੍ਹਾਂ ਵਹਿਮਾਂ-ਭਰਮਾਂ ਤੇ ਖਰਚਾ ਕਰਨੋਂ ਪਿੱਛੇ ਨਹੀਂ ਹਟਦੇ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਇਹਨਾਂ ਕਰਮਕਾਂਡਾਂ ਤੋਂ ਬਹੁਤ ਉੱਚੀ ਹੈ। ਇਸ ਕਰਕੇ ਇਹ ਜ਼ਰੂਰੀ ਹੈ ਕਿ ਅਸੀਂ ਅਤੇ ਸਾਡੇ ਇਹੋ ਜਿਹੇ ਸਮਾਜ ਨੂੰ ਗੁਰੂ ਸਾਹਿਬ ਦੇ ਮਿਸ਼ਨ ਹੇਠ ਲਿਆਂਦਾ ਜਾਵੇ।

ਇਸੇ ਪ੍ਰਕਾਰ ਸਾਡੇ ਬੱਚੇ ਕਿਤਾਬਾਂ-ਕਾਪੀਆਂ ਨੂੰ ਤਾਂ ਭਾਵੇਂ ਵਿਲਕਦੇ ਰਹਿਣ ਤਾਂ

ਕੋਈ ਗੱਲ ਨਹੀਂ, ਪਰ ਅਸੀਂ ਸ਼ਾਮ ਨੂੰ ਅਧੀਆ-ਪਾਈਆ ਪੀ ਕੇ ਜ਼ਰੂਰ ਆਉਣਾ ਹੁੰਦਾ ਹੈ। ਇਸੇ ਸ਼ਰਾਬ ਕਾਰਨ ਦੁਖੀ ਹੋਈ ਬਹੁਤ ਸਾਰੀ ਗਰੀਬ ਜਨਤਾ ਆਤਮ ਹੱਤਿਆ ਕਰਨ ਲਈ ਮਜਬੂਰ ਹੈ। ਇਕ ਸ਼ਰਾਬੀ ਬਾਪ ਦੇ ਬੱਚੇ ਨਰਕ ਤੋਂ ਵੀ ਭੈੜੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖ ਨੂੰ ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਆਪ ਮਲਾਰ ਰਾਗ ਵਿਚ ਫੁਰਮਾਨ ਕਰਦੇ ਹਨ ਕਿ ਹੇ ਭਾਈ! ਗੰਗਾ ਦੇ ਪਾਣੀ ਤੋਂ ਵੀ ਬਣੀ ਸ਼ਰਾਬ ਗੁਰਮੁਖ ਲੋਕ ਨਹੀਂ ਪੀਂਦੇ ਭਾਵ ਸ਼ਰਾਬ ਭਾਵੇਂ ਗੰਗਾ ਦੇ ਪਾਣੀ ਤੋਂ ਕਿਉਂ ਨਾ ਬਣਾਈ ਗਈ ਹੋਵੇ ਉਹ ਵੀ ਗ੍ਰਹਿਣ ਕਰਨ ਯੋਗ ਨਹੀਂ ਹੈ।

*ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ*
*ਸੰਤ ਜਨ ਕਰਤ ਨਹੀ ਪਾਨੰ॥*

(ਮਲਾਰ ਬਾਣੀ ਭਗਤ ਰਵਿਦਾਸ ਜੀ ਕੀ)

ਇਸ ਕਰਕੇ ਇਹੋ ਜਿਹੇ ਅਨਮੋਲ ਉਪਦੇਸ਼ ਭੁੱਲੇ ਭਟਕੇ ਲੋਕਾਂ ਤੱਕ ਪਹੁੰਚਾਉਣ ਲਈ ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਸਮਾਜ ਸੇਵਾ ਨੂੰ ਅਸੀਂ ਬਹੁਤ ਉੱਤਮ ਕਰਮ ਸਮਝਦੇ ਹਾਂ। ਜਿੱਥੇ ਇਹ ਉਪਦੇਸ਼ ਮਨੁੱਖ ਨੂੰ ਪ੍ਰਭੂ ਨਾਲ ਜੋੜਦਾ ਹੈ ਉਥੇ ਇਹ ਸਮਾਜ ਨੂੰ ਸ਼ਰਾਬ ਜਿਹੇ ਭੈੜੇ ਨਸ਼ੇ ਤੋਂ ਵੀ ਦੂਰ ਰਹਿਣ ਦਾ ਉਪਦੇਸ਼ ਦਿੰਦਾ ਹੈ। ਸੋ ਇਹ ਵੀ ਸਮਾਜ ਸੇਵਾ ਤੋਂ ਘੱਟ ਨਹੀਂ ਹੈ। ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ ਸਮਾਜਵਾਦ ਲਿਆਉਣ ਦਾ ਹੁਕਮ ਕਰਦੀ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਸਮਾਜਵਾਦੀ ਵਿਚਾਰਧਾਰਾ ਨੂੰ ਅਸੀਂ ਅੱਜ ਲਾਗੂ ਕਰਨ ਦਾ ਸੋਚ ਰਹੇ ਹਾਂ ਉਸ ਬਾਰੇ ਗੁਰੂ ਸਾਹਿਬ ਨੇ ਸਾਨੂੰ ਤਕਰੀਬਨ 600 ਸਾਲ ਪਹਿਲਾਂ ਹੀ ਦੱਸ ਦਿੱਤਾ ਸੀ। ਗੁਰੂ ਸਾਹਿਬ ਗਉੜੀ ਰਾਗ ਵਿਚ ਫਰਮਾਉਂਦੇ ਹਨ।

*ਬੇਗਮਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*

ਹੁਣ ਅਸੀਂ ਇਸ ਸਿਰਲੇਖ ਵੱਲ ਆਈਏ ਕਿ ਅਸੀਂ ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕਿਵੇਂ ਕਰਨਾ ਹੈ। ਭਾਈ! ਸਭ ਤੋਂ ਪਹਿਲਾਂ ਸਾਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਬਾਣੀ ਨੂੰ ਆਪੂੰ ਗ੍ਰਹਿਣ ਕਰਨਾ ਚਾਹੀਦਾ ਹੈ। ਫਿਰ ਉਹਨਾਂ ਦੀ ਬਾਣੀ ਨੂੰ ਵਿਆਖਿਆ ਸਹਿਤ ਛਾਪ ਕੇ ਜਾਂ ਲੈਕਚਰ ਦੇ ਕੇ ਸੰਗਤ ਤੱਕ ਪਹੁੰਚਾਉਣਾ ਚਾਹੀਦਾ ਹੈ। ਸਾਨੂੰ ਆਪਣੇ ਪਿੰਡਾਂ ਅਤੇ ਮੁਹੱਲਿਆਂ ਦੇ ਨਾਮ ਗੁਰੂ ਸਾਹਿਬ ਦੇ ਨਾਮ ਅਤੇ ਉਨ੍ਹਾਂ ਦੀ ਬਾਣੀ ਦੇ ਸ਼ਬਦਾਂ ਦੇ ਆਧਾਰ ਤੇ ਰੱਖਣੇ ਚਾਹੀਦੇ ਹਨ। ਜਿਵੇਂ ਗੁਰੂ ਰਵਿਦਾਸ ਨਗਰ, ਮੁਹੱਲਾ ਬੇਗਮਪੁਰਾ, ਹਰੀ ਨਗਰ, ਪੁਰਸਲਾਤ, ਸੁਖ ਸਾਗਰੁ, ਚਿੰਤਾਮਨਿ, ਅਰਬਿੰਦ ਨਗਰ, ਪਰਮਾਨੰਦ ਆਦਿ। ਸਾਨੂੰ ਆਪਣੀਆਂ ਦੁਕਾਨਾਂ ਤੇ ਫੈਕਟਰੀਆਂ ਦੇ ਨਾਮ ਵੀ ਇਹੋ ਜਿਹੇ

ਰੱਖਣੇ ਚਾਹੀਦੇ ਹਨ।

ਜਦੋਂ ਵੀ ਕਿਸੇ ਇਕੱਠ ਵਿਚ ਧਾਰਮਿਕ ਵਿਸ਼ੇ ਤੇ ਗੱਲਬਾਤ ਹੋਵੇ ਉਥੇ ਸਾਨੂੰ ਵੀ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਬਾਰੇ ਗੱਲ ਕਰਨੀ ਚਾਹੀਦੀ ਹੈ। ਸਾਨੂੰ ਗੁਰੂ ਸਾਹਿਬ ਦੇ ਇਤਿਹਾਸ ਅਤੇ ਬਾਣੀ ਦੇ ਆਧਾਰ ਤੇ ਟ੍ਰੈਕਟ (ਛੋਟੀਆਂ ਕਿਤਾਬਾਂ) ਛਪਵਾ ਕੇ ਮੁਫ਼ਤ ਵੰਡਣੀਆਂ ਚਾਹੀਦੀਆਂ ਹਨ। ਸਾਨੂੰ ਚਾਹੀਦਾ ਹੈ ਕਿ ਗੁਰੂ ਸਾਹਿਬ ਦੇ ਮਿਸ਼ਨ ਤਹਿਤ ਸਭਾਵਾਂ ਬਣਾਈਆਂ ਜਾਣ। ਜੇਕਰ ਉਸ ਸਭਾ ਦੇ 20-25 ਮੈਂਬਰ ਮਹੀਨੇ ਦੇ 5-7 ਰੁਪਏ ਮਿਸ਼ਨ ਪ੍ਰਚਾਰ ਵਾਸਤੇ ਕੱਢਣ ਤਾਂ ਹਰ ਸਾਲ ਬਾਅਦ ਇਹ ਟ੍ਰੈਕਟ ਛਪਵਾ ਕੇ ਮੁਫਤ ਵੰਡੇ ਜਾ ਸਕਦੇ ਹਨ। ਗੁਰੂ ਸਾਹਿਬ ਦੇ ਜੀਵਨ-ਇਤਿਹਾਸ ਸੰਬੰਧੀ ਭਾਸ਼ਨ ਮੁਕਾਬਲੇ ਕਰਾਏ ਜਾਣੇ ਚਾਹੀਦੇ ਹਨ।

ਅੱਜਕੱਲ੍ਹ ਤਕਰੀਬਨ ਹਰ ਪਿੰਡ ਵਿਚ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਬਣੇ ਹੋਏ ਹਨ। ਪਰ ਅਕਸਰ ਹੁੰਦਾ ਕੀ ਹੈ ਕਿ ਅਸੀਂ ਕੇਵਲ ਗੁਰਪੁਰਬ ਵਾਲੇ ਦਿਨ ਹੀ ਗੁਰਦੁਆਰੇ ਜਾਂਦੇ ਹਾਂ। ਬਸ! ਉਸ ਤੋਂ ਬਾਅਦ ਗੁਰਦੁਆਰੇ ਤਾਂ ਕੀ ਗੁਰੂ ਸਾਹਿਬ ਦੇ ਨਾਮ ਨੂੰ ਵੀ ਭੁੱਲ ਜਾਂਦੇ ਹਾਂ ਫਿਰ ਕਿਤੇ ਸਾਲ ਬਾਅਦ ਚੇਤਾ ਆਉਂਦਾ ਹੈ ਗੁਰਦੁਆਰੇ ਜਾਣ ਦਾ ਅਤੇ ਗੁਰਪੁਰਬ ਮਨਾਉਣ ਦਾ। ਭਾਵ ਅਸੀਂ ਗੁਰੂ ਸਾਹਿਬ ਦਾ ਮਿਸ਼ਨ ਪ੍ਰਚਾਰ ਕੇਵਲ ਗੁਰਪੁਰਬ ਮਨਾਉਣ ਤੱਕ ਹੀ ਸੀਮਤ ਕਰ ਛੱਡਿਆ ਹੈ। ਪਿੰਡਾਂ ਵਿਚ ਸੰਗਰਾਂਦ ਤੇ ਗੁਰਦੁਆਰੇ ਕੁਝ ਸੰਗਤ ਜੁੜਦੀ ਹੈ। ਸੋ ਸੰਗਰਾਂਦ ਦੇ ਦਿਨ ਤੇ ਹੀ ਸਾਨੂੰ ਮਿਸ਼ਨ ਪ੍ਰਚਾਰ ਕਰਨਾ ਚਾਹੀਦਾ ਹੈ। ਹਫਤੇ ਬਾਅਦ ਹਰ ਗੁਰਦੁਆਰੇ ਵਿਚ ਬੱਚਿਆਂ ਵਾਸਤੇ ਫਰੀ ਕਲਾਸ ਲਗਾਉਣੀ ਚਾਹੀਦੀ ਹੈ। ਅਤੇ ਉਹਨਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ ਬਾਰੇ ਚਾਨਣਾ ਪਾਉਣਾ ਚਾਹੀਦਾ ਹੈ। ਬੱਚਿਆਂ ਵਾਸਤੇ ਗੁਰੂ ਸਾਹਿਬ ਦੇ ਜੀਵਨ ਨੂੰ ਦਰਸਾਉਂਦਾ ਰੰਗੀਨ ਚਿੱਤਰਾਂ ਵਾਲਾ ਇਤਿਹਾਸ ਛਾਪਣਾ ਚਾਹੀਦਾ ਹੈ। ਇਕ ਅਜਿਹੇ ਕਾਲਜ ਦੀ ਸਥਾਪਨਾ ਕਰਨੀ ਚੀਹੀਦੀ ਹੈ ਜਿਸ ਵਿਚ ਗੁਰੂ ਰਵਿਦਾਸ ਮਿਸ਼ਨਰੀ ਟਰੇਂਡ ਕੀਤੇ ਜਾਣ, ਫਿਰ ਉਨ੍ਹਾਂ ਨੂੰ ਵੱਖ-ਵੱਖ ਇਲਾਕਿਆਂ ਵਿਚ ਮਿਸ਼ਨ ਪ੍ਰਚਾਰ ਵਾਸਤੇ ਭੇਜਿਆ ਜਾਵੇ। ਇਕ ਪੱਤਰ ਵਿਹਾਰ ਕੋਰਸ ਚਾਲੂ ਕਰਨਾ ਚਾਹੀਦਾ ਹੈ ਜਿਸ ਨੂੰ ਪਾਠਕ ਘਰ ਬੈਠੇ ਹੀ ਕਰ ਸਕਣ।

ਸੋ ਉਪਰੋਕਤ ਵਰਨਣ ਕੀਤੇ ਕੁਝ ਵਿਚਾਰਾਂ ਨੂੰ ਅਪਣਾ ਕੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਸਮੁੱਚਾ ਸੰਸਾਰ ਵਹਿਮਾਂ-ਭਰਮਾਂ ਨੂੰ ਤਿਆਗ ਕੇ ਸੱਚੇ ਸੁੱਚੇ ਮਾਰਗ ਦਾ ਪਾਂਧੀ ਬਣ ਸਕੇ।

*****

# ਰਵਿਦਾਸ ਸ਼ਕਤੀ ਅਮਰ ਰਹੇ

—ਚਰਨਜੀਤ ਸਿੰਘ

ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੀ ਕੌਮ ਆਪਣੇ ਅਹਿਸਾਨ ਫਰਾਮੋਸ਼ੀ ਸੁਭਾਅ ਵਿਚ ਕੁਝ ਤਬਦੀਲੀ ਲਿਆ ਰਹੀ ਹੈ। ਆਪਣੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਸੰਬੰਧੀ ਨਵੀਂ ਖੋਜ ਕਰ ਰਹੀ ਹੈ। ਸਾਨੂੰ ਗੁਰੂ ਰਵਿਦਾਸ ਜੀ ਦੇ ਜੀਵਨ ਜਾਂ ਉਨ੍ਹਾਂ ਦੀ ਉਸਤਤੀ ਦੀ ਖੋਜ ਕਰਨ ਲੱਗਿਆਂ ਸਭ ਤੋਂ ਪਹਿਲਾਂ ਇਹ ਸੋਚਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਜੀ ਦੀ ਵਿਚਾਰ ਧਾਰਾ ਕਿਹੋ ਜਿਹੀ ਹੈ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਲੱਭਣ ਲੱਗਿਆਂ ਸਾਨੂੰ ਬਹੁਤ ਦੂਰ ਨਹੀਂ ਜਾਣਾ ਪੈਂਦਾ। ਗੁਰੂ ਗ੍ਰੰਥ ਸਾਹਿਬ ਦੇ 40 ਸ਼ਬਦਾਂ ਅਤੇ ਇਕ ਸਲੋਕ ਤੋਂ ਸਤਿਗੁਰੂ ਜੀ ਦੀ ਵਿਚਾਰਧਾਰਾ ਪ੍ਰਗਟ ਹੁੰਦੀ ਹੈ। ਸੋ ਸਾਨੂੰ ਸਭ ਤੋਂ ਪਹਿਲਾਂ ਇਹਨਾਂ ਸ਼ਬਦਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਕਰਨਾ ਚਾਹੀਦਾ ਹੈ। ਕਦੇ ਵੀ ਪੁਰਾਣੀਆਂ ਜਾਂ ਬ੍ਰਾਹਮਣਵਾਦੀ ਲਿਖਤਾਂ ਦਾ ਸਹਾਰਾ ਨਹੀਂ ਲੈਣਾ ਚਾਹੀਦਾ।

ਆਉ ਆਪਾਂ ਅੱਜ ਦੇ ਸਿਰਲੇਖ ਵੱਲ ਆਈਏ। ਕਾਫੀ ਸਮਾਂ ਪਹਿਲਾਂ ਕਿਸੇ ਲੇਖਕ ਮਿਸ਼ਨਰੀ ਨੇ ਗੁਰੂ ਸਾਹਿਬ ਦੀ ਉਸਤਤੀ ਸੰਬੰਧੀ ਇਕ ਬੋਲਾ ਬਣਾਇਆ ਸੀ—

*ਬੋਲੈ ਸੋ ਨਿਰਭੈ,*

*ਗੁਰੂ ਰਵਿਦਾਸ ਜੀ ਕੀ ਜੈ।*

ਮੇਰੇ ਖਿਆਲ ਨਾਲ ਇਹ ਬੋਲਾ ਪੂਰਨ ਨਹੀਂ ਹੈ। ਕਿਉਂਕਿ ਅਸੀਂ ਬੋਲੇ ਦੇ ਕੇਵਲ ਅੱਖਰ ਹੀ ਨਹੀਂ ਲੈਣੇ ਸਗੋਂ ਉਸ ਦਾ ਭਾਵ (ਮਤਲਬ) ਵੀ ਦੇਖਣਾ ਹੈ। ਇਸ ਬੋਲੇ ਵਿਚ ਪਹਿਲਾਂ ਆਉਂਦਾ ਹੈ—

ਬੋਲੇ ਸੋ ਨਿਰਭੈ

ਇਸ ਦਾ ਭਾਵ ਹੈ ਕਿ ਜਿਹੜਾ ਵੀ ਬੋਲੇਗਾ ਉਹ ਨਿਰਭੈ ਹੈ, ਭਾਵ ਨਿਡਰ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਅਸੀਂ ਕੋਈ ਹਮਲਾ ਕਰਨ ਲੱਗੇ ਹਾਂ ਜਿਹੜਾ ਕਿ ਨਿਡਰ ਹੋਣ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ। ਅਸੀਂ ਅਰਦਾਸ ਜਾਂ ਸਤਿਸੰਗ ਵਿਚ ਹਾਜ਼ਰੀ ਲਗਵਾ ਰਹੇ ਹੁੰਦੇ ਹਾਂ ਫਿਰ ਕੀ ਪ੍ਰਭੂ ਦਾ ਵੀ ਡਰ ਨਾ ਹੋਵੇ ਸੋ ਇਹ ਬੋਲਾ ਕਿਸੇ ਜੰਗ ਜਾਂ ਯੁੱਧ ਵੇਲੇ ਹੋ ਸਕਦਾ ਹੈ, ਬਾਕੀ ਦੂਸਰਾ ਹਿੱਸਾ ਗੁਰੂ ਰਵਿਦਾਸ ਜੀ ਕੀ ਜੈ ਤਾਂ ਠੀਕ ਹੈ।

ਕਈ ਸੱਜਣ ਕਹਿੰਦੇ ਹਨ ਕਿ ਬੋਲੇ ਸੋ ਨਿਰਵੈਰ ਕਹਿਣਾ ਹੈ। ਪਰ ਨਿਰਵੈਰ ਕਹਿਣਾ ਵੀ ਚਾਹੀਦਾ ਹੈ । ਪਰ ਨਿਰਵੈਰ ਸ਼ਬਦ (ਗੁਰੂ ਰਵਿਦਾਸ ਕੀ ਜੈ) ਨਾਲ ਪੂਰਾ ਨਹੀਂ ਢੁੱਕਦਾ। ਇਸ ਕਰਕੇ ਨਿਰਵੈਰ ਵੀ ਪੂਰਨ ਨਹੀਂ ਲੱਗਦਾ। ਪਰ ਕਾਫੀ ਹੱਦ ਤੱਕ ਠੀਕ ਹੈ। ਕਿਉਂਕਿ ਇਸ ਦਾ ਭਾਵ ਅੱਛਾ ਹੈ। ਸੋ ਸਾਡੀ ਕੌਮ ਦੇ ਸੂਝਵਾਨ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਇਸ ਬੋਲੇ ਵੱਲ ਧਿਆਨ ਦੇਣ ਅਤੇ ਪ੍ਰਭੂ ਪ੍ਰਮਾਤਮਾ ਦੀ ਉਸਤਤੀ ਕਰਦਾ ਕੋਈ ਪ੍ਰਭਾਵਸ਼ਾਲੀ ਬੋਲਾ ਤਿਆਰ ਕਰਨ।

ਸਾਡੀ ਕੌਮ ਕੋਲ ਕੋਈ ਸਬੰਧ (ਸੰਬੋਧਕ) ਬੋਲਾ ਵੀ ਨਹੀਂ ਹੈ। ਕੋਈ ਕਹਿੰਦਾ ਹੈ ਜੈ ਸੰਤਾਂ ਦੀ, ਕਈ ਸੱਜਣ ਜੈ ਗੁਰਦੇਵ ਅਤੇ ਕੋਈ ਹੋਰ। ਸਾਨੂੰ ਅਜਿਹਾ ਸੰਬੋਧਕ ਬੋਲਾ ਬਣਾਉਣਾ ਚਾਹੀਦਾ ਹੈ, ਜਿਹੜਾ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਦੇ ਨਾਲ-ਨਾਲ ਪ੍ਰਭੂ ਪ੍ਰਮਾਤਮਾ ਦੀ ਉਸਤਤੀ ਵੀ ਕਰਦਾ ਹੋਵੇ। ਸਾਡੀ ਸੰਸਥਾ ਨੇ ਇਕ ਸੰਬੋਧਕ ਬੋਲਾ ਬਣਾਇਆ ਹੈ। ਜੇਕਰ ਕੌਮ ਨੂੰ ਮਨਜ਼ੂਰ ਹੋਵੇ। ਉਹ ਹੈ—

*ਹਰਿ ਹਰਿ ਹਰੇ*

ਭਾਵ ਜਦੋਂ ਵੀ ਗੁਰੂ ਰਵਿਦਾਸ ਮਿਸ਼ਨ ਪ੍ਰੇਮੀ ਆਪਸ ਵਿਚ ਮਿਲਣ ਤਾਂ ਉਹ 'ਹਰਿ ਹਰਿ ਹਰੇ' ਦਾ ਉਚਾਰਨ ਕਰੇ। ਕਿਉਂਕਿ ਇਹ ਹਰਿ ਸ਼ਬਦ ਡੇਰਾ ਬੱਲਾਂ ਵਲੋਂ ਰਜਿ: ਵੀ ਕਰਵਾਇਆ ਗਿਆ ਅਤੇ ਗੁਰੂ ਰਵਿਦਾਸ ਜੀ ਬਾਣੀ ਵਿਚ ਵੀ ਆਉਂਦਾ ਹੈ। ਇਸ ਦਾ ਭਾਵ ਵੀ ਪ੍ਰਭੂ ਪ੍ਰਮਾਤਮਾ ਦੀ ਉਸਤਤੀ ਹੈ ਅਤੇ ਮਨੁੱਖ ਨੂੰ ਉਸ ਹਰੀ ਦੇ ਸਿਮਰਨ ਵਿਚ ਜੁੜਨ ਦਾ ਸੰਦੇਸ਼ ਹੈ।

*ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।*

(ਆਸਾ ਬਾਣੀ ਸ੍ਰੀ ਗੁਰੂ ਰਵਿਦਾਸ ਜੀਉ ਕੀ)

ਇਥੇ ਸਾਡਾ ਭਾਵ ਇਹ ਨਹੀਂ ਹੈ ਕਿ ਜਿਹੜੀ ਕੋਸ਼ਿਸ਼ ਅਸੀਂ ਕੀਤੀ ਹੈ ਉਹ ਹੀ ਠੀਕ ਹੈ। ਕੌਮ ਨੂੰ ਚਾਹੀਦਾ ਹੈ ਕਿ ਇਕੱਠੇ ਹੋ ਕੇ ਆਪਸ ਵਿਚ ਵਿਚਾਰ ਕਰਨ ਕਿ ਕਿਹੜਾ ਠੀਕ ਹੈ ਤੇ ਕਿਹੜਾ ਨਹੀਂ। ਹੁਣੇ ਹੁਣੇ ਇਕ ਨਵਾਂ ਨਵਾਂ ਉਸਤਤੀ ਜੈਕਾਰਾ ਚਾਲੂ ਹੋਇਆ ਹੈ—ਰਵਿਦਾਸ ਸ਼ਕਤੀ ਅਮਰ ਰਹੇ।

ਮੇਰੇ ਖਿਆਲ ਅਨੁਸਾਰ ਇਹ ਵੀ ਠੀਕ ਨਹੀਂ ਹੈ। ਕਿਉਂਕਿ ਇਸ ਵਿਚ ਅਸੀਂ ਇਹ ਮੰਗ ਕਰ ਰਹੇ ਹਾਂ ਕਿ ਗੁਰੂ ਜੀ ਦੀ ਸ਼ਕਤੀ ਸਦਾ ਅਮਰ ਰਹਿਣੀ ਚਾਹੀਦੀ ਹੈ ਅਤੇ ਇਹ ਕਿਸ ਕੋਲੋਂ ਮੰਗ ਰਹੇ ਹਾਂ। ਕੀ ਇਹ ਸ਼ਬਦ ਉਨ੍ਹਾਂ ਸ਼ਬਦਾਂ ਨਾਲ ਨਹੀਂ ਮਿਲਦੇ—ਹਮਾਰੀ ਮਾਂਗੇਂ ਪੂਰੀ ਕਰੋ? ਸਤਿਗੁਰੂ ਜੀ ਦੀ ਸ਼ਕਤੀ ਤਾਂ ਸਦੀਵੀ ਅਮਰ ਹੈ। ਫਿਰ ਉਹ ਅਮਰ ਰਹਿਣ ਦੀ ਮੰਗ ਕਰਨੀ ਠੀਕ ਨਹੀਂ ਭਾਵ ਅਸੀਂ ਉਹਨਾਂ ਦੀ ਸ਼ਕਤੀ ਨੂੰ ਕਮਜ਼ੋਰ ਸਮਝਦੇ ਹਾਂ।

ਹੁਣ ਜੇਕਰ ਇਹ ਵੀ ਮੰਨੀਏ ਕਿ ਰਵਿਦਾਸ ਸ਼ਕਤੀ ਅਮਰ ਹੈ ਤਾਂ ਵੀ ਠੀਕ ਨਹੀਂ ਲੱਗਦਾ। ਕਿਉਂਕਿ ਇਸ ਗੱਲ ਦਾ ਕਿਸ ਨੂੰ ਨਹੀਂ ਪਤਾ ਕਿ ਗੁਰੂ ਜੀ ਦੀ ਸ਼ਕਤੀ ਅਮਰ ਹੈ! ਸਭ ਨੂੰ ਪਤਾ ਹੈ ਅਤੇ ਇਸ ਦਾ ਕੋਈ ਉਪਦੇਸ਼ਕ ਜਾਂ ਉਸਤਤੀ ਵਾਲਾ ਭਾਵ ਵੀ ਨਹੀਂ ਨਿਕਲਦਾ। ਸੋ ਸਾਡੇ ਖਿਆਲ ਅਨੁਸਾਰ ਸਾਨੂੰ ਇਸ ਨਾਅਰੇ ਨੂੰ ਵਰਤਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਸ ਨਾਲ ਗੁਰੂ ਜੀ ਦੀ ਉਸਤਤੀ ਵਧਣ ਦੀ ਬਜਾਇ ਘਟਦੀ ਨਜ਼ਰ ਆਉਂਦੀ ਹੈ। ਇਸ ਦੀ ਥਾਂ ਸਾਨੂੰ ਕੋਈ ਹੋਰ ਢੁਕਵਾਂ ਅਤੇ ਪ੍ਰਭਾਵਸ਼ਾਲੀ ਨਾਅਰਾ ਬਣਾਉਣਾ ਚਾਹੀਦਾ ਹੈ।

*****

# ਸਾਡਾ ਜੀਵਨ

—ਕਮਲਜੀਤ

ਜਦੋਂ ਅਸੀਂ ਆਪਣੇ ਆਲੇ-ਦੁਆਲੇ ਨੂੰ ਵੇਖਦੇ, ਸੁਣਦੇ ਹਾਂ ਤਾਂ ਸਾਨੂੰ ਆਪਣੇ ਆਪ ਨੂੰ ਸ਼ਰਮ ਆਉਣ ਲੱਗ ਜਾਂਦੀ ਹੈ ਕਿ ਜਾਪਾਨ ਵਾਲੇ ਚੰਦ ਤੇ ਝੰਡਾ ਲਗਾਉਣ ਨੂੰ ਫਿਰਦੇ ਹਨ ਤੇ ਅਸੀਂ ਉਹ ਹੀ ਪੁਰਾਣੀਆਂ ਮਨਘੜਤ ਗੱਲਾਂ, ਵਹਿਮਾਂ ਭਰਮਾਂ ਵਿਚ ਫਸੇ ਹੋਏ ਹਾਂ। ਜਿਵੇਂ ਪੀਰਾਂ ਦੀ ਜਗ੍ਹਾ ਤੇ ਬਲੀ ਦੇਣਾ, ਸੁੱਖ ਸੁਖਣੀ, ਪੁਛ ਪੁੱਛਣੀ ਆਦਿ।

**ਬਲੀ ਦੇਣਾ** :—ਦੇਖਿਆ ਜਾਂਦਾ ਹੈ ਕਿ ਕਿਸੇ ਜਗ੍ਹਾ 'ਤੇ ਕੋਈ ਜੀਵ (ਬਕਰਾ ਭੇਡੂ, ਮੁਰਗਾ) ਲਿਜਾ ਕੇ ਜੀਵ ਦਾ ਮੱਥਾ ਟਿਕਾਉਂਦੇ ਹਨ ਤੇ ਫਿਰ ਵੱਢ ਕੇ ਉਸ ਨੂੰ ਲੋਕਾਂ ਵਿਚ ਪ੍ਰਸਾਦ ਦੇ ਤੌਰ ਤੇ ਵੰਡਦੇ ਹਨ ਤੇ ਖਾਂਦੇ ਹਨ ਤੇ ਆਖਦੇ ਹਨ ਕਿ ਹੁਣ ਸਾਡਾ ਪੀਰ (ਬਾਬਾ) ਖੁਸ਼ ਹੋਇਆ ਹੈ। ਅਸੀਂ ਬੜੇ ਪਿਆਰ ਨਾਲ ਆਖਾਂਗੇ ਕਿ—ਉਸ ਪੀਰ ਦਾ ਸਾਰਾ ਸਾਲ ਤਾਂ ਰੋਟੀ ਦਾ ਨਾਮ ਨਹੀਂ ਲੈਣਾ ਤੇ ਸਾਲ ਬਾਅਦ ਇਕ ਜੀਵ ਨੂੰ ਵੱਢ ਕੇ ਕਹਿਣਾ ਕਿ ਪੀਰ ਖੁਸ਼ ਹੋ ਗਿਆ ਹੈ। ਉਹ ਪੀਰ ਕਿਵੇਂ ਖੁਸ਼ ਹੋਇਆ ਹੋਵੇਗਾ ਕਿਉਂਕਿ ਸਾਰਾ ਮਾਸ ਆਪ ਹੀ ਤਾਂ ਖਾਧਾ ਹੈ। ਆਪਣੇ ਵਿਚ ਹੀ ਵੰਡ ਲਿਆ ਹੈ ਤੇ ਪੀਰ ਨੇ ਵਿਚੋਂ ਕੀ ਖਾਧਾ ਉਹ ਤਾਂ ਫਿਰ ਭੁੱਖੇ ਦਾ ਭੁੱਖਾ ਹੀ ਰਿਹਾ।

ਇਥੇ ਇਕ ਗੱਲ ਵਰਨਣਯੋਗ ਹੈ ਕਿ ਜੋ ਵੀ ਰੱਬ ਦੇ ਪਿਆਰੇ ਹੁੰਦੇ ਹਨ ਜਾਂ ਰੱਬ ਨੂੰ ਮੰਨਦੇ ਹਨ ਉਹ ਕਦੇ ਕਿਸੇ ਦਾ ਮਾੜਾ ਨਹੀਂ ਸੋਚਦੇ ਤੇ ਨਾ ਹੀ ਕਿਸੇ ਨੂੰ ਦੁੱਖ ਦਿੰਦੇ ਹਨ। ਇਥੋਂ ਤੱਕ ਕਿ ਰਸਤੇ ਵਿਚ ਕੀੜੀ ਦਿਸ ਪਵੇ ਤਾਂ ਉਹ ਉਸ ਨੂੰ ਵੀ ਬਚਾ ਕੇ ਲੰਘਣਗੇ ਪਰ ਪੀਰ ਕਿਸੇ ਦੀ ਜਾਨ ਲੈ ਕੇ ਕਿਵੇਂ ਖੁਸ਼ ਹੋਣਗੇ।

ਕਈ ਸਿਆਣਿਆਂ ਨੂੰ ਪੁੱਛਣ ਤੇ ਦਸਦੇ ਹਨ ਕਿ ਜਿਸ ਜੀਵ ਦੀ ਅਸੀਂ ਬਲੀ ਦੇਣੀ ਹੈ ਉਹ ਪੀਰਾਂ ਦੀ ਜਗ੍ਹਾ ਤੇ ਮਰ ਕੇ ਗਤੀ ਪਾਉਂਦਾ ਹੈ। ਭਾਵ ਕਿ ਸਵਰਗ ਨੂੰ ਚਲਾ ਜਾਂਦਾ ਹੈ ਤੇ ਚੁਰਾਸੀ ਲੱਖ ਜੂਨਾਂ ਤੋਂ ਬਾਹਰ ਹੋ ਜਾਂਦਾ ਹੈ।

ਇਥੇ ਇਕ ਗੱਲ ਫਿਰ ਵਰਨਣ ਯੋਗ ਹੈ ਕਿ ਜੇ ਕੋਈ ਜਾਨਵਰ ਜਾਂ ਪਸ਼ੂ (ਬਾਬੇ ਦੀ) ਜਗ੍ਹਾ ਤੇ ਮਰ ਕੇ ਗਤੀ ਪਾ ਜਾਂਦਾ ਹੈ ਤਾਂ ਮਨੁੱਖ ਕਿਉਂ ਨਹੀਂ ਗਤੀ ਪਾਵੇਗਾ। ਕਈ ਜਗ੍ਹਾ ਦੇਖਿਆ ਜਾਂਦਾ ਹੈ ਕਿ ਕਈ ਮਨੁੱਖ ਸਿਆਣੇ ਹੋ ਕੇ ਹੱਡੀਆਂ ਗੋਡੇ ਰਗੜ ਕੇ ਮਰਦੇ ਹਨ। ਉਹਨਾਂ ਦਾ ਫਿਰ ਵੀ ਪਤਾ ਨਹੀਂ ਹੈ ਕਿ ਉਸ ਦੀ ਗਤੀ ਹੋਈ ਹੈ ਕਿ ਨਹੀਂ। ਕਿਉਂ ਨਹੀਂ ਹੋ ਸਕਦਾ ਕਿ ਬੰਦੇ ਨੂੰ ਬੁੱਢੇ ਹੋਣ ਤੋਂ ਪਹਿਲਾਂ ਹੀ ਗਤੀ ਕਰਵਾ ਦਿੱਤੀ ਜਾਵੇ। ਉਸ ਬੇਜ਼ੁਬਾਨ ਜੀਵ ਦੀ ਜ਼ਰੂਰੀ ਹੈ ਕਿ ਉਸ ਦੀ ਹੀ ਗਤੀ ਕਰਵਾਉਣੀ ਹੈ। ਇਨਸਾਨ ਖੁਦ ਆਪਣੀ ਜਾਨ ਦੇ ਕੇ ਵੇਖੇ ਕਿ ਕਿਵੇਂ ਬੀਤਦੀ ਹੈ ਇਸ ਜਾਨ ਨਾਲ। ਜਿੰਨਾ ਕਿ ਸਾਡੇ ਨਾਲ ਸਾਡੀ ਮਾਂ ਦਾ ਪਿਆਰ ਹੈ ਉਨਾ ਹੀ ਉਸ ਜੀਵ ਨਾਲ ਉਸ ਦੀ ਮਾਂ ਨਾਲ ਪਿਆਰ ਹੈ। ਜਿੰਨਾ ਕਿ ਸਾਡੀ ਮਾਂ ਸਾਡੇ ਵਿਛੋੜੇ ਵਿਚ ਤੜਫਦੀ ਹੈ ਉਸ ਤਰ੍ਹਾਂ ਹੀ ਉਨ੍ਹਾਂ ਦੀ ਮਾਂ ਵੀ ਉਨ੍ਹਾਂ ਦੇ ਵਿਛੋੜੇ ਵਿਚ ਤੜਫਦੀ ਹੈ। ਇਸ ਤਰ੍ਹਾਂ ਬਲੀ ਦੇਣ ਲੱਗਿਆਂ

ਕੋਈ ਵੀ ਪੀਰ ਫਕੀਰ ਖੁਸ਼ ਨਹੀ ਹੁੰਦੇ। ਸਗੋਂ ਉਹਨਾਂ ਨੂੰ ਦੁੱਖ ਪਹੁੰਚਦਾ ਹੈ ਜੇ ਪੀਰਾਂ ਫਕੀਰਾਂ ਨੂੰ ਖੁਸ਼ ਕਰਨਾ ਹੈ ਤਾਂ ਸਾਨੂੰ ਉਹਨਾਂ ਨਾਲ ਸੱਚਾ ਪ੍ਰੇਮ ਕਰਨਾ ਹੋਵੇਗਾ, ਰੱਬ ਦੇ ਬਣਾਏ ਜੀਵਾਂ ਨਾਲ ਪਿਆਰ ਕਰਨਾ ਹੋਵੇਗਾ । ਮਨੁੱਖਤਾ ਨਾਲ ਪਿਆਰ ਕਰਨ ਨਾਲ ਹੀ ਪੀਰ ਫਕੀਰ ਖੁਸ਼ ਹੁੰਦਾ ਹੈ।

**ਸੁੱਖ ਸੁਖਣੀ :**—ਕਈ ਸਾਡੇ ਵੀਰ ਭੈਣਾਂ, ਬੀਬੀਆਂ ਕਿਸੇ ਜਗ੍ਹਾਂ ਤੇ ਜਾ ਕੇ ਸੁਖ ਸੁਖਦੀਆਂ ਹਨ ਕਿ 'ਹੇ ਬਾਬਾ ਜੀ ਸਾਡਾ ਆਹ ਕੰਮ ਕਰਦੇ ਅਸੀਂ ਤੇਰੇ ਆ ਵਸਤੂ ਚੜ੍ਹਾਵਾਂਗੇ।' ਵੇਖੋ ਕਿੰਨੀ ਹਾਸੋਹੀਣੀ ਗੱਲ ਹੈ ਕਿ ਕਿਵੇਂ ਰੱਬ ਨੂੰ ਲਾਲਚ ਦੇ ਕੇ ਉਸ ਤੋਂ ਕੰਮ ਕਰਵਾਉਂਦੇ ਹਨ ਜਿਵੇਂ ਕਿਸੇ ਸਰਕਾਰੀ ਕਰਮਚਾਰੀ ਨੂੰ ਰਿਸ਼ਵਤ ਦੇ ਕੇ ਕੰਮ ਕਰਵਾਈਦਾ ਹੈ। ਪਰ ਅਸੀਂ ਗੁਰਬਾਣੀ ਨੂੰ ਨਹੀਂ ਕਦੇ ਪੜ੍ਹਿਆ—

*ਦੇਦਾ ਦੇ ਲੈਂਦੇ ਥਕਿ ਪਾਹਿ॥*
*ਜੁਗਾ ਜੁਗੰਤਰ ਖਾਹੀ ਖਾਹਿ॥*

ਉਹ ਪ੍ਰਮੇਸ਼ਰ ਤਾਂ ਸਭ ਨੂੰ ਦਾਤਾਂ ਵੰਡਣ ਵਾਲਾ ਹੈ ਉਹ ਤਾਂ ਬਿਨ ਮੰਗਿਆਂ ਹੀ ਸਭ ਨੂੰ ਦੇਈ ਜਾਂਦਾ ਹੈ ਪਰ ਸਾਡਾ ਹੀ ਜੀਵਨ ਇਹੋ ਜਿਹਾ ਹੈ ਕਿ ਅਸੀਂ ਉਸਦਾ ਧੰਨਵਾਦ ਨਹੀਂ ਕਰਦੇ ਸਗੋਂ ਲਾਲਚ ਦੇ ਕੇ ਹੋਰ ਮੰਗ ਕਰਦੇ ਹਾਂ। ਸਾਡੀ ਆਸ ਮੁਰਾਦ ਫਿਰ ਹੀ ਪੂਰੀ ਹੋਣੀ ਹੈ ਜੇ ਸਾਡਾ ਸੱਚਾ ਪਿਆਰ ਉਸ ਨਾਲ ਹੋਵੇ ਉਸ ਤੇ ਵਿਸ਼ਵਾਸ ਹੋਵੇਗਾ ਫਿਰ ਹੀ ਅਸੀਂ ਸੁਖ ਪਾ ਸਕਦੇ ਹਨ।

*ਜੋ ਲੋੜੈ ਸਦਾ ਸੁਖ ਭਾਈ,*
*ਸਾਧੂ ਸੰਗਤਿ ਗੁਰਹਿ ਬਤਾਈ॥*

**ਪੁੱਛ ਪੁੱਛਣੀ :**—ਜਦ ਵੀ ਸਾਡੇ ਕੋਈ ਵਿਆਹ ਹੁੰਦਾ ਹੈ ਜਾਂ ਕੋਈ ਮਕਾਨ ਛੱਤਦਾ ਹੈ ਜਾਂ ਫਿਰ ਕਿਸੇ ਕੰਮ ਦਾ ਉਦਘਾਟਨ ਕਰਨਾ ਹੁੰਦਾ ਹੈ ਤਾਂ ਸਾਡੇ ਮਨ ਵਿਚ ਇਹ ਪਹਿਲਾਂ ਖਿਆਲ ਆ ਜਾਂਦਾ ਹੈ ਕਿ ਪੁੱਛ ਪਵਾ ਲਈਏ। ਅਸੀਂ ਇਹ ਨਹੀਂ ਕਦੇ ਸੋਚਿਆ ਕਿ ਜਿਸ ਤੋਂ ਪੁੱਛਣਾ ਹੈ ਉਸ ਦਾ ਜੀਵਨ ਕਿਹੋ ਜਿਹਾ ਹੈ। ਜਾਂ ਉਹ ਕਿੰਨਾ ਕੁ ਸੁਖੀ ਹੈ ਪਰ ਜੋ ਉਹ ਦੱਸ ਦਿੰਦੇ ਹਨ ਅਸੀਂ ਉਸ ਦੇ ਹੀ ਮਗਰ ਲੱਗ ਤੁਰਦੇ ਹਾਂ।

ਅਸੀਂ ਪ੍ਰਮਾਤਮਾ ਅੱਗੇ ਏਹੀ ਬੇਨਤੀ ਕਰਦੇ ਹਾਂ ਕਿ ਕਿਸੇ ਨੂੰ ਕੋਈ ਦੁਖ ਨਾ ਪਹੁੰਚੇ। ਰੱਬ ਸਭ ਦਾ ਭਲਾ ਕਰੇ। ਪਰ ਏਥੇ ਇਹ ਗੱਲ ਵਰਨਣ ਯੋਗ ਹੈ ਜਦ ਵੀ ਕੋਈ ਮਾੜੀ ਗੱਲ ਵਾਪਰ ਜਾਂਦੀ ਹੈ ਤਾਂ ਫਿਰ ਰੱਬ ਨੂੰ ਉਲਾਂਬਾ ਦੇਣ ਲੱਗ ਜਾਈਦਾ ਹੈ ਕਿ ਜੋ ਰੱਬ ਨੂੰ ਮਨਜ਼ੂਰ ਸੀ। ਇਹ ਕਿਉਂ ਨਹੀਂ ਆਖ ਦਿੰਦੇ ਕਿ ਜੋ ਪੰਡਤ ਜਾਂ ਬਾਬੇ ਨੂੰ ਮਨਜ਼ੂਰ ਸੀ। ਦਰਅਸਲ ਸਾਡਾ ਰੱਬ ਦੇ ਭਰੋਸਾ ਨਹੀਂ ਹੈ ਜੇ ਸਾਡਾ ਰੱਬ 'ਤੇ ਭਰੋਸਾ ਹੋਵੇ ਤਾਂ ਅਸੀਂ ਇਸ ਤਰ੍ਹਾਂ ਦੇ ਵਹਿਮਾਂ-ਭਰਮਾਂ ਵਿਚ ਨਹੀਂ ਪੈ ਸਕਦੇ। ਜੋ ਰੱਬ ਤੇ ਭਰੋਸਾ ਰੱਖਦੇ ਹਨ ਉਹਨਾਂ ਦਾ ਕੰਮ ਰੱਬ ਆਪ ਸਵਾਰਦਾ ਹੈ।

*****

# ਆ ਧਰਮੀ ਜਾਂ ਆਦਿ ਧਰਮੀ

—ਕਮਲਜੀਤ

ਸਾਡੇ ਸਮਾਜ ਵਿਚ ਆਮ ਹੀ ਵੇਖਣ ਨੂੰ ਮਿਲ ਜਾਂਦਾ ਹੈ ਕਿ ਜਦ ਵੀ ਕੋਈ ਸਾਡੇ ਕੋਲੋਂ ਸਾਡੀ ਜਾਤ ਪੁੱਛਦਾ ਹੈ ਤਾਂ ਅਸੀਂ ਬਿਨਾ ਕੁਛ ਸੋਚੇ ਸਮਝੇ ਆਖ ਦਿੰਦੇ ਹਾਂ ਕਿ ਆ ਧਰਮੀ। ਪਰ ਅਸੀਂ ਇਹ ਨਹੀਂ ਸੋਚਦੇ ਕਿ ਆ ਧਰਮੀ ਦਾ ਮਤਲਬ ਕੀ ਹੈ। ਆ ਧਰਮੀ ਦਾ ਮਤਲਬ ਹੈ ਕਿ ਜਿਸ ਦਾ ਕੋਈ ਧਰਮ ਨਾ ਹੋਵੇ। ਜਿਸ ਦਾ ਕੋਈ ਅਸੂਲ ਨਾ ਹੋਵੇ। ਜੋ ਆਪਣੇ ਸਮਾਜ 'ਚੋਂ ਬਾਹਰ ਹੋ ਕੇ ਮਨਮਾਨੀਆਂ ਕਰਦਾ ਹੋਵੇ ਉਸ ਨੂੰ ਆ ਧਰਮੀ ਕਹਿੰਦੇ ਹਨ।

ਪਰ ਸਾਨੂੰ ਤਾਂ ਹਰੇਕ ਧਰਮ ਵਲੋਂ ਬੜਾ ਉੱਚ ਦਰਜੇ ਦਾ ਨਾਮ ਪ੍ਰਾਪਤ ਹੈ ਕਿ ਆਦਿ ਧਰਮੀ। ਆਦਿ ਧਰਮੀ ਦਾ ਮਤਲਬ ਹੁੰਦਾ ਹੈ ਕਿ ਜੋ ਪਹਿਲਾਂ ਤੋਂ ਜਾਂ ਸ਼ੁਰੂ ਤੋਂ ਹੀ ਧਰਮ ਕਰਦਾ ਆਇਆ ਹੋਵੇ ਜਿਸ ਦੇ ਕਿ ਸਮਾਜ ਵਿਚ ਰਹਿ ਕੇ ਚੰਗੇ ਅਸੂਲ ਹੋਣ, ਦਇਆਵਾਨ ਹੋਵੇ ਉਸ ਨੂੰ ਆਦਿ ਧਰਮੀ ਕਹਿੰਦੇ ਹਨ ਸੋ ਸਾਨੂੰ ਆ ਧਰਮੀ ਨਹੀਂ ਆਦਿ ਧਰਮੀ ਕਹਿਣਾ ਚਾਹੀਦਾ ਹੈ। ਆਦਿ ਧਰਮੀ ਹੀ ਲਿਖਾਉਣਾ ਚਾਹੀਦਾ ਹੈ।

ਹੁਣ ਕਈ ਜਗ੍ਹਾ ਤੇ ਵੇਖਣ ਨੂੰ ਆਇਆ ਹੈ ਕਿ ਕਈ ਲੋਕ ਦੂਜੇ ਧਰਮਾਂ ਵਾਲਿਆਂ ਤੋਂ ਪੈਸੇ ਲੈ ਕੇ ਆਪਣਾ ਧਰਮ ਬਦਲੀ ਜਾ ਰਹੇ ਹਨ। ਨਾਲ ਹੀ ਆਪਣਾ ਨਾਮ ਬਦਲ ਲੈਂਦੇ ਹਨ ਫਿਰ ਆਪਣਾ ਸਮਾਜ ਬਦਲ ਲੈਂਦੇ ਹਨ।

ਇਥੇ ਇਕ ਗੱਲ ਵਰਨਣਯੋਗ ਹੈ ਕਿ ਜੋ ਲੋਕ ਪੈਸੇ ਲੈ ਕੇ ਜਾਂ ਕਿਸੇ ਸਵਾਰਥ ਲਈ ਆਪਣਾ ਧਰਮ ਬਦਲ ਰਹੇ ਹਨ ਦਰਅਸਲ ਉਹਨਾਂ ਦਾ ਕੋਈ ਧਰਮ ਨਹੀਂ ਹੁੰਦਾ। ਉਹ ਆਧਰਮੀ ਕਹਿਣ ਦੇ ਯੋਗ ਹੁੰਦੇ ਹਨ ਕਿਉਂਕਿ ਪੈਸਿਆਂ ਲਈ ਉਹਨਾਂ ਨੇ ਧਰਮ ਬਦਲ ਲਿਆ, ਕੱਲ੍ਹ ਨੂੰ ਕਿਤਿਓਂ ਜ਼ਿਆਦਾ ਪੈਸੇ ਮਿਲੇ ਤਾਂ ਉਹ ਫਿਰ ਧਰਮ ਬਦਲ ਲੈਣਗੇ, ਉਹ ਤਾਂ ਆਪਣੇ ਸਵਾਰਥ ਲਈ ਸਭ ਕੁਝ ਕਰ ਸਕਦੇ ਹਨ। ਜੇ ਅਸੀਂ ਧਰਮ ਬਦਲਣ ਦੀ ਗੱਲ ਕਰੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਧਰਮ ਬਚਾਉਣ ਲਈ ਚਾਰੇ ਹੀ ਪੁੱਤ ਸ਼ਹੀਦ ਕਰਵਾ ਦਿੱਤੇ ਸਨ। ਧਰਮ ਨੂੰ ਬਚਾਉਣ ਲਈ ਬਾਬਾ ਮਤੀ ਦਾਸ ਜੀ ਨੇ ਆਪਣੇ ਸਰੀਰ ਦੀਆਂ ਦੋ ਫਾੜਾਂ ਕਰਵਾ ਲਈਆਂ ਸਨ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿਚ ਆਪ ਸੀਸ ਦੇ ਦਿੱਤਾ ਸੀ। ਕਈ ਬੀਬੀਆਂ ਨੇ ਆਪਣੇ ਪੁੱਤਰਾਂ ਦੇ ਟੋਟੇ ਹੁੰਦੇ ਅੱਖੀਂ ਵੇਖੇ ਪਰ ਧਰਮ ਨਹੀਂ ਹਾਰਿਆ।

ਪਰ ਅਸੀਂ ਹਾਂ, ਕਿ ਥੋੜ੍ਹੇ ਜਿਹੇ ਪੈਸਿਆਂ ਦੇ ਲਈ ਆਪਣਾ ਧਰਮ ਬਦਲੀ ਜਾ ਰਹੇ ਹਾਂ।

ਸਾਨੂੰ ਸਭ ਨੂੰ ਇਹ ਵੀ ਪਤਾ ਹੈ ਜਦ ਵੀ ਕੋਈ ਧਰਮ ਪ੍ਰਚਾਰ ਕਰਦਾ ਹੈ ਤਾਂ ਰੱਬ ਨੂੰ ਮਿਲਣ ਲਈ ਜਾਂ ਮਨ ਨੂੰ ਸ਼ਾਂਤ ਰਖਣ ਲਈ। ਹਰ ਇਕ ਧਰਮ ਇਹ ਹੀ ਦਸਦਾ ਹੈ ਕਿ ਰੱਬ ਨੂੰ ਯਾਦ ਰੱਖੋ। ਰੱਬ ਦੇ ਬਣਾਏ ਬੰਦਿਆਂ ਨਾਲ ਪਿਆਰ ਕਰੋ, ਕਿਸੇ ਦਾ ਬੁਰਾ ਨਾ ਸੋਚੋ, ਬੁਰਾ ਨਾ ਕਰੋ। ਹਰ ਇਕ ਧਰਮ ਇਹਨਾਂ ਗੱਲਾਂ ਨੂੰ ਹੀ ਮੁੱਖ ਰੱਖ ਕੇ ਉਦਾਹਰਨਾਂ

ਦੇ ਕੇ ਸਮਝਾਉਂਦੇ ਹਨ। ਤਾਂ ਫਿਰ ਸਾਨੂੰ ਧਰਮ ਬਦਲਣ ਦੀ ਕੀ ਲੋੜ। ਸਾਨੂੰ ਸਭ ਨੂੰ ਲੋੜ ਹੈ ਅੱਜ ਇਕੱਠੇ ਹੋਣ ਦੀ, ਇਕੱਠੇ ਹੋਵਾਂਗੇ ਤਾਂ ਸਭ ਕੁਝ ਪ੍ਰਾਪਤ ਹੋਵੇਗਾ। ਜੇ ਧਰਮ ਹੀ ਬਦਲੀ ਗਏ, ਕਿਸੇ ਦਾ ਰਸਤਾ ਕੋਈ, ਕਿਸੇ ਦਾ ਰਸਤਾ ਕੋਈ ਫਿਰ ਅਸੀਂ ਭਟਕਦੇ ਹੀ ਰਹਾਂਗੇ ਨਹੀਂ ਤਾਂ ਸਾਡਾ ਫਿਰ ਉਹ ਹੀ ਹਾਲ ਹੋਵੇਗਾ ਜੋ ਸ੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਵਿਚ ਸੀ। ਊਚ-ਨੀਚ ਦੇ ਨਰਕ ਵਿਚੋਂ ਤਾਂ ਗੁਰੂ ਰਵਿਦਾਸ ਜੀ ਨੇ, ਬਾਬਾ ਕਬੀਰ ਜੀ ਨੇ, ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕੱਢਣ ਦਾ ਬਹੁਤ ਯਤਨ ਕੀਤਾ ਹੋਇਆ ਹੈ। ਪਰ ਅਸੀਂ ਹਾਂ ਕਿ ਫਿਰ ਆਪ ਹੀ ਊਚ-ਨੀਚ ਦੇ ਚੱਕਰ ਵਿਚ ਫਸੀ ਜਾ ਰਹੇ ਹਾਂ। ਕੁਝ ਸੋਚੋ ਤੇ ਵਿਚਾਰੋ, ਇਕੱਠੇ ਹੋਵੋ, ਰਲ ਕੇ ਚੱਲੋ, ਫਿਰ ਹੀ ਅਸੀਂ ਅਤੇ ਸਾਡੀ ਆਉਣ ਵਾਲੀ ਪੀੜੀ ਸੁਖ ਪਾਵੇਗੀ।

# ਸਾਹਿਤਕ ਖੁਸ਼ਬੂ

ਲੇਖਕ—ਰਾਜ ਕੁਮਾਰ ਰਾਜੂ (ਬਿਨਪਾਲਕੇ)

ਜੋ ਨਾਮ ਗੁਰਾਂ ਦਾ ਜੱਪਦੇ, ਉਹਨਾਂ ਘਰ ਬਹਾਰਾਂ ਜੀ।
ਬੰਦੇ ਤੂੰ ਵੀ ਜਪ ਲੈ ਵੇ, ਕਿਉਂ ਕਰੇ ਵਿਚਾਰਾਂ ਜੀ।
ਕਿਉਂ ਦਰ-ਦਰ ਫਿਰਦਾ ਏਂ, ਤੇਰਾ ਜਨਮ ਇਹ ਹੀਰਾ ਏ।
ਸਦਾ ਪੂਜੇ ਮੋਇਆਂ ਨੂੰ, ਕਿਹੋ ਜਿਹਾ ਵਤੀਰਾ ਏ।
ਸੱਚਾ ਨਾਮ ਹੀ ਅੰਮ੍ਰਿਤ ਹੈ, ਬਾਕੀ ਸਭ ਗਾਰਾਂ ਜੀ।
ਜੋ ਨਾਮ........................
ਤੂੰ ਮਾਣ ਕਿਉਂ ਕਰਦਾ ਏਂ, ਇਹਨਾਂ ਝੂਠੇ ਸਰੀਰਾਂ ਤੇ।
ਝੂਠੇ ਮਹਿਲ ਮੁਨਾਰਿਆਂ ਤੇ, ਝੂਠੀਆਂ ਜਗੀਰਾਂ ਤੇ।
ਆਪਾ ਪਿੱਛੇ ਰਹਿ ਗਏ ਵੇ, ਅੱਗੇ ਕਈ ਹਜ਼ਾਰਾਂ ਜੀ।
ਜੋ ਨਾਮ........................
ਗੁਰੂ ਭੁੱਲਾਂ ਬਖਸ਼ੇ ਵੇ, ਤੂੰ ਵੀ ਬਖਸ਼ਾ ਲੈ ਵੇ।
ਮੋਹ ਛੱਡ ਕੇ ਦੁਨੀਆਂ ਦਾ, ਪ੍ਰੀਤਾਂ ਰੱਬ ਨਾਲ ਪਾ ਲੈ ਵੇ।
ਉਹਦੇ ਨਾਮ ਬਿਨਾਂ ਨਾ ਕੋਈ ਤੇਰਾ ਸਹਾਰਾ ਜੀ।
ਜੋ ਨਾਮ........................
'ਰਾਜੂ' ਛੱਡ ਦੇ ਬਦੀਆਂ ਨੂੰ, ਇਹਨਾਂ ਵਿਚ ਵੀ ਪੀੜਾਂ ਨੇ।
ਪਾਲਾ ਹੁੰਦਾ ਚੋਰਾਂ ਨੂੰ, ਕੱਢਦੇ ਨੱਕੀਂ ਲਕੀਰਾਂ ਨੇ।
ਦਰ ਤੂੰ ਵੀ ਮੱਲ ਲੈਂ ਵੇ, ਲੱਗੀਆਂ ਕਤਾਰਾਂ ਜੀ।
ਜੋ ਨਾਮ ਗੁਰਾਂ ਦਾ ਜਪਦੇ, ਉਹਨਾਂ ਘਰ ਬਹਾਰਾਂ ਜੀ।

# ਭਾਰਤੀ ਧਰਮ ਸਧਨਾ : ਮੋਕਸ਼ ਤੇ ਗੁਰੂ ਰਵਿਦਾਸ

—ਡਾ. ਹਰਨੇਕ ਸਿੰਘ ਕਲੇਰ

ਪ੍ਰਾਚੀਨ ਧਰਮ ਦਰਸ਼ਨ ਗਵਾਹੀ ਕਰਦਾ ਹੈ ਕਿ ਸਾਡਾ ਸਮਾਜ ਜਾਤੀ ਵੰਡ ਦਾ ਸ਼ਿਕਾਰ ਸੀ ਜਿਸ ਅਨੁਸਾਰ ਹਰ ਜਾਤੀ ਦੇ ਮਾਨਵ ਨੂੰ ਮੋਖ ਦਾ ਅਧਿਕਾਰੀ ਨਹੀਂ ਸੀ ਮੰਨਿਆ ਜਾਂਦਾ। ਵਰਨਾ ਸ਼ਰਮ ਦੁਆਰਾ ਚਹੁੰ ਵਰਨਾਂ ਵਿਚੋਂ 'ਬ੍ਰਾਹਮਣ', ਧਰਮ ਅਧਿਕਾਰੀ ਹੋਣ ਦੇ ਨਾਤੇ ਸਰਵਉੱਚ ਸੀ। 'ਕਸ਼ੱਤਰੀ', ਸ਼ਕਤੀਵੇਤਾ ਹੋਣ ਕਾਰਨ ਸਰਵਗੁਣ ਸੰਪੰਨ ਸੀ। ਵੈਸ਼ ਅਤੇ ਸ਼ੂਦਰ ਦੋਵੇਂ ਦਸਤ ਕਰਮੀ ਜਾਤਾਂ ਸਨ ਜਿਨ੍ਹਾਂ ਦੇ ਸਮਾਜਕ ਰੁਤਬੇ ਵਿਚ ਗੰਧੇ ਦੀ ਪਰਤ ਜਿੰਨਾ ਵੀ ਫ਼ਰਕ ਨਹੀਂ ਸੀ। ਦੋਵਾਂ ਜਾਤਾਂ ਨੂੰ ਧਰਮ ਕਰਮ ਤੇ ਵਿੱਦਿਆ ਪ੍ਰਾਪਤੀ ਦੀ ਮਨਾਹੀ ਸੀ। ਸਮਾਂ ਪਾ ਕੇ ਵੈਸ਼ ਨੇ ਆਪਣੀ ਲੋੜ ਪੂਰਤੀ ਲਈ ਇਕ ਨਵੀਂ ਭਾਸ਼ਾ ਸਿਰਜ ਲਈ ਜੋ ਅੱਜ ਵੀ ਪਰੰਪਰਾਗਤ ਰੂਪ ਵਿਚ ਪ੍ਰਚੱਲਤ ਹੈ। ਜਿਉਂ-ਜਿਉਂ ਜਾਤੀ ਪ੍ਰਥਾ ਦਾ ਸ਼ਿਕੰਜਾ ਸਖ਼ਤ ਹੁੰਦਾ ਗਿਆ ਤਾਂ ਸ਼ੂਦਰ ਦਸਤਕਾਰੀ ਤੋਂ ਸੱਖਣਾ ਹੋ ਕੇ ਸੇਵਾ ਲਈ ਨਿਹਿਤ ਹੋ ਕੇ ਰਹਿ ਗਿਆ। ਇਸ ਸਥਿਤੀ ਵਿਚ ਉਹ ਸਮਾਜ ਤੋਂ ਦੂਰ-ਦੂਰ ਹੁੰਦਾ, ਦਲਿੱਦਰੀ ਅਵਸਥਾ ਵਿਚ ਪਹੁੰਚ ਗਿਆ।

*ਦਾਰਿਦ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥*
*ਅਜਦ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਹਮਾਰੀ॥ ੧॥*

ਧਰਮ ਸ਼ਾਸਤਰਾਂ ਅਨੁਸਾਰ, ਵਿੱਦਿਆ, ਧਰਮ-ਕਰਮ ਅਤੇ ਪ੍ਰਭੂ-ਭਗਤੀ ਸ਼ੂਦਰ ਲਈ ਵਿਵਰਜਿਤ ਹੋ ਕੇ ਰਹਿ ਗਈ। ਪ੍ਰੋਹਿਤ ਵਰਗ ਨੇ ਇਹ ਕਰਮ ਹਿੰਸਾਤਮਕ ਸਖ਼ਤੀ ਨਾਲ ਲਾਗੂ ਕੀਤਾ ਹੋਇਆ ਸੀ। ਇਸ ਸਥਿਤੀ ਵਿਚ ਸ਼ੂਦਰ ਜਾਤੀ ਮੁਕਤੀ ਕਿੰਜ ਪ੍ਰਾਪਤ ਕਰਦੀ ?

ਧਰਮ ਦੀ ਸੰਪਤੀ ਪ੍ਰਾਪਤ ਇਸ ਅਣਮਨੁੱਖੀ ਵਰਤਾਰੇ ਨੇ ਸਮਾਜ ਵਿਚ ਅਨੈਤਿਕ ਵਿਚ ਵਾਧਾ ਕੀਤਾ ਜਿਸ ਨਾਲ ਸਮਾਜਿਕ ਅਸਥਿਰਤਾ ਵਧਣੀ ਸ਼ੁਰੂ ਹੋ ਗਈ। ਸਿੱਟੇ ਵਜੋਂ ਹਿੰਦੂ ਧਰਮ ਦਰਸ਼ਨ ਦੇ ਵਿਰੋਧ ਵਿਚ ਉਪਨਿਸ਼ਦ ਸਾਹਿਤ, ਚਾਰ ਵਾਕ, ਜੈਨ, ਬੁੱਧ ਅਤੇ ਸਿੱਖ ਧਰਮ ਪ੍ਰਜਵਲਿਤ ਹੋਏ। ਪ੍ਰੋਹਿਤਵਾਦ ਵਲੋਂ ਸਥਾਪਿਤ ਵਰਣ ਆਸ਼ਰਮ ਦੇ ਵਿਰੋਧ ਵਿਚ ਭਗਤੀ ਲਹਿਰ ਦਾ ਉਦੈ ਹੋਇਆ ਜਿਸਨੇ ਵਰਗ-ਰਹਿਤ ਸਮਾਜ ਦੀ ਸਥਾਪਨਾ ਉੱਤੇ ਜ਼ੋਰ ਦਿੱਤਾ। ਇਸ ਲਹਿਰ ਦੇ ਭਗਤੀ ਅਚਾਰੀਆ ਨੇ ਪ੍ਰਭੂ ਦੀ ਨਾਮ ਭਗਤੀ ਸੰਗ ਮੋਕਸ਼ ਦਾ ਸੰਕਲਪ ਦ੍ਰਿੜ੍ਹਾਇਆ। ਭਗਤੀ ਲਹਿਰ ਦੇ ਇਨ੍ਹਾਂ ਪ੍ਰਮੁੱਖ ਸੰਤਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਂ ਸਿਰਮੌਰ ਹੈ। ਇਨ੍ਹਾਂ ਪੰਨਿਆਂ ਵਿਚ ਅਸੀਂ ਗੁਰੂ ਰਵਿਦਾਸ ਰਚਿਤ ਬਾਣੀ ਵਿਚ ਸੰਸਾਰੀ ਜੀਵਾਂ ਨੂੰ ਮੋਕਸ਼ ਪ੍ਰਾਪਤੀ ਲਈ ਦਿੱਤੇ ਸੰਦੇਸ਼ ਬਾਰੇ ਵਿਚਾਰ ਚਰਚਾ ਕਰਾਂਗੇ। ਇਸ ਵਿਸ਼ੇ ਉੱਤੇ ਚਰਚਾ ਕਰਨ ਤੋਂ ਅਸੀਂ ਭਾਰਤੀ ਧਰਮ ਦਰਸ਼ਨ ਵਿਚ 'ਮੁਕਤੀ' ਬਾਰੇ ਸੰਖੇਪ ਤੱਥ ਵਿਚਾਰ ਕਰ ਰਹੇ ਹਾਂ।

ਆਦਿਕਾਲ ਤੋਂ ਹੀ ਇਸ ਧਰਤੀ ਉੱਤੇ ਜਨਮ ਲੈਣ ਵਾਲੇ ਹਰ ਪ੍ਰਾਣੀ ਦਾ ਮੰਤਵ 'ਮੁਕਤੀ' ਦੀ ਪ੍ਰਾਪਤੀ ਕਰਨਾ ਹੀ ਰਿਹਾ ਹੈ। ਬ੍ਰਾਹਮਣੀ ਗਰੰਥ ਜਾਤੀ ਸ੍ਰੇਸ਼ਠਤਾ ਨੂੰ ਹੀ ਮੋਖ ਮਾਰਗ ਨਾਲ ਜੋੜਦੇ ਹਨ। 'ਨਰਕ' ਦਾ ਵਿਚਾਰ ਅਥਰਣ ਵੇਦ ਵਿਚ ਮਿਲਦਾ ਹੈ। ਉਪਨਿਸ਼ਦਾਂ ਵਿਚ ਗਿਆਨ ਦੁਆਰਾ ਮੋਕਸ਼ ਪ੍ਰਾਪਤੀ ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ। ਜੈਨ ਤੀਰਥਕਰ ਮਾਨਵੀ ਮੋਖ ਦੇ ਵਿਚਾਰ ਨੂੰ ਮਨੁੱਖ ਦੇ ਸ਼ੁੱਭ ਅਤੇ ਅਸ਼ੁੱਭ ਕਰਮਾਂ ਨਾਲ ਜੋੜਦੇ ਹਨ। ਬੁੱਧ ਧਰਮ ਵਿਚ ਬੋਧੀ 'ਸਤ ਅਤੇ ਅਸੱਤ' ਵਿਚਲੀ ਸਥਿਤੀ ਨੂੰ ਅਪਣਾ ਕੇ ਮੋਕਸ਼ ਦੁਆਰ ਤਕ ਪਹੁੰਚ ਨੂੰ ਮੰਨਦੇ ਹਨ। ਸ਼ੰਕਰਾਚਾਰਯਾ ਅਨੁਸਾਰ ਜੀਵਨ ਦਾ ਉਦੇਸ਼ ਸਿਰਫ਼ ਮੋਕਸ਼ ਹੀ ਹੈ। ਰਾਮਾਨੁਜ ਦਾ ਵਿਚਾਰ ਹੈ ਕਿ ਸੰਸਾਰੀ ਪੱਧਰਾਂ ਵਿਚ ਜਕੜੇ ਜੀਵ ਮੁਕਤ ਹੋ ਕੇ ਵੀ ਜਨਮ ਧਾਰਦੇ ਰਹਿੰਦੇ ਹਨ। ਸਿੱਖ ਧਰਮ ਵਿਚ ਮੁਕਤੀ ਨੂੰ ਸਵੈ-ਪਛਾਣ ਹੀ

ਮੰਨਿਆ ਗਿਆ ਹੈ। ਕਥਨ ਹੈ—

*ਮਨੁ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ ॥*

ਅੱਗੇ ਇਸ ਵਿਚਾਰ ਨੂੰ ਹੋਰ ਵੀ ਸਪੱਸ਼ਟ ਕਰਦਿਆਂ ਲਿਖਿਆ ਹੈ ਕਿ—'ਮੂਲੁ ਪਛਾਣੇ ਤਾ ਸਹੁ ਜਾਣਹਿ ਮਰਨ ਜੀਵਣ ਕੀ ਸੋਝੀ ਹੋਈ ॥' ਭਾਵ ਜੀਵ ਆਤਮਾ ਦੇ ਅੰਦਰ ਪਰਮਾਤਮਾ ਨੇ ਜੋਤ ਜਗਾਈ ਹੋਈ ਹੈ। ਉਹ ਉਸ ਪਰਮ ਜੋਤ ਸੰਗ ਇਕਮਿਕ ਹੋ ਕੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪਾ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਜੀ ਨੇ ਮਾਨਵ ਮੁਕਤੀ ਦੀ ਜੁਗਤੀ ਦੇ ਪਰਮ ਉੱਚ ਸਾਧਨ ਪ੍ਰਭੂ ਭਗਤੀ ਨੂੰ ਸਵੀਕਾਰ ਕੀਤਾ ਹੈ। ਆਪ ਨੇ ਹਿੰਦੂ ਧਰਮ ਦਰਸ਼ਨ ਵਿਚ ਪ੍ਰਚਲਤ ਮੁਕਤੀ ਦੇ ਸਾਧਨ ਕਰਮ ਕਾਂਡਾਂ ਅਤੇ ਅਡੰਬਰਾਂ ਨੂੰ ਰੱਦ ਕੀਤਾ ਅਤੇ ਨਿਰਾਰਥਕ ਦੱਸ ਕੇ ਝੂਠੇ ਸਗਲ ਪਸਾਰੇ ਆਖਦਿਆਂ ਕਿ—"ਪ੍ਰਭੂ ਭਗਤੀ ਹੀ ਮੋਕਸ਼ ਦਾ ਇਕ ਮਾਤਰ ਸਾਧਨ ਹੈ" ਹਰਿ ਕੇ ਨਾਮੁ ਬਿਨ ਝੂਠੇ ਸਗਲ ਪਸਾਰੇ ॥

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਗੁਰੂ ਰਵਿਦਾਸ ਦੀ ਉਪਮਾ ਕਰਦਿਆਂ ਹੋਇਆਂ, ਚਹੁੰ ਵਰਣਾਂ ਨੂੰ ਉਪਦੇਸ਼ ਦੇਣ ਵਾਲਾ ਪਰਮ ਪੁਰਖ ਆਖਦਿਆਂ ਸਪੱਸ਼ਟ ਕੀਤਾ ਕਿ ਆਪ ਨੇ ਪਰੋਹਿਤਵਾਦ ਦੇ ਕਰਮਕਾਂਡਾਂ ਦੀ ਸਤਾਈ ਹੋਈ ਜਨਤਾ ਨੂੰ ਪ੍ਰਭੂ ਦੀ ਨਾਮ ਭਗਤੀ ਸੰਗ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ। ਆਪ ਨੇ ਬ੍ਰਾਹਮਣੀ ਸੰਸਕਾਰ ਵਿਚ ਪੂਜਾ ਅਤੇ ਆਰਤੀ ਦੇ ਵਿਧੀ ਵਿਧਾਨ ਨੂੰ ਰੱਦ ਕਰਦਿਆਂ ਕਿਹਾ ਕਿ ਆਰਤੀ ਦੀ ਸਾਰੀ ਸਾਮੱਗਰੀ ਜੂਠੀ ਹੈ। ਆਪ ਨੇ ਪ੍ਰਭੂ ਦੇ ਨਾਮ 'ਸਤਿਨਾਮ' ਦੀ ਆਰਤੀ ਦਾ ਨਵਾਂ ਸੰਕਲਪ ਦਿੱਤਾ।

*ਨਾਮ ਤੇਰੋ ਤਾਗਾ ਨਾਮੁ ਫੂਲ ਮਾਲਾ, ਭਾਰ ਅਠਾਰਹ ਸਗਲ ਜੂਠਾਰੇ ॥*

ਗੁਰੂ ਰਵਿਦਾਸ ਜੀ ਨੇ ਅੰਧਕਾਰ ਵਿਚ ਫਸੀ ਪ੍ਰੋਹਿਤ ਸ਼੍ਰੇਣੀ ਨੂੰ ਪ੍ਰਕਾਸ਼ ਪਾਇਆ, ਕਿ ਉਹਨਾਂ ਵਲੋਂ ਪ੍ਰਭੂ ਦੀ ਪੂਜਾ ਲਈ ਵਰਤੀ ਜਾਂਦੀ ਸਾਰੀ ਸਾਮ੍ਰਗੀ ਹੀ ਜੂਠੀ ਹੈ।

*ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥*

*ਪਾਨੀ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਆਵਰਨ ਫੂਲੁ ਅਨੂਪ ਨ ਪਾਵਉ ॥*

ਆਪ ਨੇ ਬਾਣੀ ਵਿਚ ਸੰਸਾਰ ਨੂੰ ਸੱਚੀ ਸੁੱਚੀ ਪੂਜਾ ਪੱਧਤੀ ਦੱਸਣ ਲਈ : "ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥ ਦਾ ਪ੍ਰਸ਼ਨ ਉਠਾਉਂਦਿਆਂ ਮੁਕਤੀ ਪ੍ਰਾਪਤ ਕਰਨ ਲਈ ਪੂਜਾ ਅਰਚਨਾ ਸੰਗ ਪ੍ਰਭੂ ਨੂੰ ਪਾਉਣ ਦੀ ਜੁਗਤੀ ਵੀ ਦੱਸ ਦਿੱਤੀ ਹੈ।

*ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪ੍ਰਸਾਦਿ ਨਿਰੰਜਨੁ ਪਾਵਉ ॥*

ਗੁਰੂ ਰਵਿਦਾਸ ਜੀ ਨੇ ਨਿਰਮਲ ਚਿਤ ਸੰਗ ਕੀਤੇ ਸਤਸੰਗ ਨੂੰ ਮੋਕਸ਼ ਪ੍ਰਾਪਤੀ ਲਈ ਪਵਿੱਤਰ ਸਾਧਨ ਦੱਸਿਆ ਹੈ। ਇਸ ਵਿਚ ਮਾਨਵਤਾ ਨੂੰ ਵੱਡੀ ਸਿੱਖਿਆ ਇਹ ਹੈ ਕਿ ਸੰਗਤ ਤੇ ਪੰਗਤ ਵਿਚ ਬੈਠਣ ਨਾਲ ਮਾਨਵ ਮਨ ਵਿਚੋਂ ਊਚ ਨੀਚ ਦਾ ਭੇਦ ਭਾਵ ਮਿਟ ਜਾਂਦਾ ਹੈ। ਆਤਮਾ ਸ਼ੁੱਧ ਹੋ ਜਾਂਦੀ ਹੈ। ਆਪ ਨੇ ਸਤਸੰਗ ਦੇ ਸੰਕਲਪ ਨੂੰ ਮੋਕਸ਼ ਨਾਲ ਜੋੜ ਕੇ ਵਰਗ ਰਹਿਤ ਸਮਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ।

*ਮਿਲਤ ਪਿਆਰੋ ਪ੍ਰਾਨ ਨਾਥ ਕਵਨ ਭਗਤ ਤੇ ॥ ਸਾਧ ਸੰਗਤਿ ਪਾਈ ਪਰਮ ਗਤੇ ॥*

ਆਪ ਦੀ ਬਾਣੀ ਵਿਚ ਜੀਵ ਦੇ ਮੋਕਸ਼ ਦੀ ਪ੍ਰਾਪਤੀ ਲਈ ਇਕ ਹੋਰ ਸਾਧਨ ਸਮਰਪਣ ਦਾ ਵਿਸ਼ਿਸ਼ਟ ਵਿਚਾਰ ਵੀ ਆਇਆ ਹੈ। 'ਮੈਂ' ਮੇਰੀ ਛੱਡ ਕੇ ਪਰਮ ਸੱਤਾ ਦਾ ਮੰਨਨ ਕਰਨਾ। ਇਉਂ ਜੀਵ, ਪ੍ਰਭੂ ਸੰਗ ਅਭੇਦ ਹੋ ਜਾਂਦਾ ਹੈ। ਇਸ ਸਥਿਤੀ ਵਿਚ ਜੀਵ ਨੂੰ ਪੰਚ ਕ੍ਰੋਧ ਵੀ ਨਹੀਂ ਭਰਮਾ ਸਕਦੇ ਇਉਂ ਹਰ ਜੀਵ ਪ੍ਰਭੂ ਦੀ ਸ਼ਰਨ ਵਿਚ ਆ ਕੇ ਮੋਕਸ਼ ਦਾ ਅਧਿਕਾਰੀ ਹੋ ਜਾਂਦਾ ਹੈ। ○

# ਗੀਤ

○ ਕਮਲਜੀਤ

ਸਿਰ ਤੋਂ ਉੱਠ ਜਾਂਦਾ ਏ, ਜਦੋਂ ਸਾਇਆ ਮਾਪਿਆਂ ਦਾ।
ਫਿਰ ਯਾਦ ਆਉਂਦਾ ਏ, ਖਿਡਾਇਆ ਮਾਪਿਆਂ ਦਾ।
ਬੱਚਿਆਂ ਤੇ ਜਦ ਭੀੜ ਬਣੇ, ਮਾਪੇ ਸਿਰ ਤੇ ਜਰਦੇ।
ਬੱਚਿਆਂ ਦੀ ਖੁਸ਼ੀ ਦੇ ਲਈ, ਨਿੱਤ ਦੁਆਵਾਂ ਕਰਦੇ।
ਸਦਾ ਸੁੱਖ ਦੇਵੇ ਅਸ਼ੀਰਵਾਦ ਕਮਾਇਆ ਮਾਪਿਆਂ ਦਾ।
ਫਿਰ ਯਾਦ............................
ਮਾਪਿਆਂ ਦੀ ਸੇਵਾ ਕਰ ਲਈ ਹੋਵੇ ਰੱਬ ਦੀ ਸੇਵਾ।
ਮਾਪਿਆਂ ਦੀ ਸੇਵਾ ਬਾਜ ਨਹੀਂ ਮਿਲਦਾ ਕੋਈ ਮੇਵਾ।
ਸਦਾ ਕੰਮ ਆਉਂਦਾ ਏ ਦਬਕਾਇਆ ਮਾਪਿਆਂ ਦਾ।
ਫਿਰ ਯਾਦ............................
ਜੋ ਮਾਪਿਆਂ ਨੂੰ ਦੁਖ ਦੇਵੇ ਉਹਨੂੰ ਮਿਲਦੀ ਨਾ ਢੋਈ।
ਉਹ ਸਦਾ ਹੀ ਦੁਖ ਪਾਂਵਦੇ ਉਹਨਾਂ ਵੱਲ ਵੇਖੇ ਨਾ ਕੋਈ।
ਨਰਕਾਂ ਵੱਲ ਲੈ ਜਾਂਦਾ ਹੈ ਸਤਾਇਆ ਮਾਪਿਆਂ ਦਾ।
ਫਿਰ ਯਾਦ............................
ਮਾਪਿਆਂ ਬਾਝ ਤਾਂ ਜੱਗ ਸਾਰਾ ਸੁੰਨਾ ਸੁੰਨਾ ਜਾਪੇ।
ਫਰਿਆਦ ਕਰੀਏ, ਬੱਚਿਆਂ ਦੇ ਰੱਬਾ ਖੋਹੀਂ ਨਾ ਮਾਪੇ।
ਕਮਲ ਉਹੀ ਵਡਿਆਈ ਪਾਉਂਦਾ ਹੈ, ਵਡਿਆਇਆ ਮਾਪਿਆ ਦਾ।
ਫਿਰ ਯਾਦ ਆਉਂਦਾ ਹੈ, ਖਿਡਾਇਆ ਮਾਪਿਆਂ ਦਾ।

# ਬੇਨਤੀ

ਸਭ ਪਾਠਕਾਂ ਨੂੰ ਬੇਨਤੀ ਹੈ ਕਿ ਜਿਸ ਨੂੰ ਰੱਬ ਨੇ ਕਲਮ ਬਖਸ਼ੀ ਹੈ, ਉਹ ਆਪਣੀਆਂ ਹੱਥ ਲਿਖਤੀ ਰਚਨਾਵਾਂ (ਲੇਖ, ਗਜ਼ਲ, ਕਵਿਤਾ, ਗੀਤ, ਹਾਸ ਵਿਅੰਗ, ਨਜ਼ਮ ਆਦਿ) ਜੋ ਕਿ ਗੁਰੂ ਰਵਿਦਾਸ ਜੀ ਦੇ ਜੀਵਨ ਸੰਬੰਧੀ, ਜਾਂ ਕੋਈ ਵੀ ਧਾਰਮਿਕ, ਭੇਜਣ ਦੀ ਖੇਚਲ ਕਰੋ। ਇਹਨਾਂ ਨੂੰ ਛਾਪ ਕੇ ਅਸੀਂ ਖੁਸ਼ੀ ਮਹਿਸੂਸ ਕਰਾਂਗੇ।

*ਰਚਨਾਵਾਂ ਭੇਜਣ ਦਾ ਪਤਾ*

**ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ**

**ਬਿਨਪਾਲਕੇ, ਜਲੰਧਰ-144201**

# ਜੋਤ ਨਾਲ ਜੋਤ ਮਿਲੀ

—ਚਾਨਣ ਲਾਲ ਮਾਣਕ

ਕਿਉਂ ਭਾਈ ਬਾਲਿਆ! ਔਹ ਮਹਾਂਪੁਰਸ਼ਾਂ ਓਹੀ ਤਾਂ ਨਹੀਂ,
ਜਿਹੜੇ ਕਦੇ ਆਪਾਂ ਚੂੜ੍ਹਕਾਣੇ ਵਿਚ ਤੱਕੇ ਸੀ।
ਯਾਦ ਹੈ ਨਾ, ਜਿਨ੍ਹਾਂ ਵੱਟੇ ਚਾਟਾਂ ਆਪਾਂ ਖਾਧੀਆਂ ਸੀ,
ਸੱਚੇ ਸੌਦੇ ਵਾਲੇ ਜਿਹੜੇ ਖਾਣੇ ਵਿਚ ਤੱਕੇ ਸੀ।
ਰੰਗ ਰੂਪ ਨਿਰਾ ਪੁਰਾ ਓਹੀ ਇਨ੍ਹਾਂ ਸਾਧੂਆਂ ਦਾ,
ਸ਼ਕਲਾਂ ਭੀ ਓਹੀ ਏਸੇ ਬਾਣੇ ਵਿਚ ਤੱਕੇ ਸੀ।
ਬਾਕੀਆਂ ਦਾ ਪਤਾ ਨਹੀਂ, ਦੋ ਸੰਤ ਓਹੀਓ ਨੇ,
ਜਿਹੜੇ ਦਸਾਂ ਪੰਦਰਾਂ ਦੇ ਢਾਣੇ ਵਿਚ ਤੱਕੇ ਸੀ।
ਔਹ ਜਿਹੜਾ ਤਾਣਾ ਪੇਟਾ ਸਾਂਭ ਸਾਂਭ ਰੱਖਦਾ ਏ,
ਉਹ ਤਾਂ ਸਾਨੂੰ ਜਾਪਦਾ ਕੋਈ ਮਿਹਨਤੀ ਸਰੀਰ ਏ।
ਉਣ ਉਣ ਕੱਪੜਾ ਜੋ ਲੋਕਾਂ ਵਿਚ ਵੰਡਦਾ ਏ,
ਆਪਣਾ ਹੀ ਚੋਲਾ ਜਿਹਦਾ ਜਾਪੇ ਲੀਰੋ ਲੀਰ ਏ।
ਇਕ ਨੂਰੋਂ ਉਪਜਿਆ ਸਾਰਾ ਜੱਗ ਦੱਸ ਕੇ ਜੋ,
ਭਰਮਾਂ ਭੁਲੇਖਿਆਂ ਦੇ ਕੱਟਦਾ ਜ਼ੰਜੀਰ ਏ।
ਜੇ ਮੈਂ ਨਹੀਂ ਭੁੱਲਦਾ, ਤਾਂ ਫਿਰ ਇਹੋ ਹੋਣਾ,
ਮਾਈ ਲੋਈ ਵਾਲਾ ਸ੍ਰੀ ਭਗਤ ਕਬੀਰ ਏ।
ਔਹ ਜਿਹਦੇ ਨੈਣਾਂ ਵਿਚ ਮਸਤੀ ਇਲਾਹੀ ਕੋਈ,
ਉਹ ਤਾਂ ਭਾਈ ਬਾਲਿਆ! ਗੁਰੂ ਰਵਿਦਾਸ ਏ।
ਬਿਰਧ ਸਰੀਰ ਭਾਵੇਂ ਮੁਖੜੇ ਦਾ ਤੇਜ ਦੱਸੇ,
"ਬੇਗਮਪੁਰੇ" ਵਿਚ ਏਸ ਦਾ ਨਿਵਾਸ ਏ।
"ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ" ਬਾਣੀ ਰਾਹੀਂ,
ਰੱਬ ਨਾਲ ਸਾਂਝਾ ਇਸਦਾ ਸਾਸ ਤੇ ਗੁਰਾਸ ਏ।
ਦੁਖੀਆਂ ਦੇ ਦੁੱਖਾਂ ਵਾਲੇ ਚਿੰਨ੍ਹ ਇਹਦੇ ਮੁੱਖੜੇ ਤੇ,
ਤਾਹੀਂ ਰਵਿਦਾਸ ਦਾਸ ਜਾਪਦਾ ਉਦਾਸ ਏ।
ਗੱਲ ਕੀ ਨਾਨਕ ਨਰੰਕਾਰੀ ਗੁਰੂ ਅੱਗੇ ਹੋ ਕੇ,
ਸਤਿ ਕਰਤਾਰ ਦਾ ਕੀਤਾ ਮੁਖੋਂ ਜਾਪ ਏ।
ਜੋਤ ਨਾਲ ਜੋਤ ਮਿਲੀ ਜਦੋਂ ਬ੍ਰਹਮ ਗਿਆਨੀਆਂ ਦੀ,
ਉਸੇ ਵੇਲੇ ਮਨਾਂ ਦੀਆਂ ਮਨ ਗਏ ਭਾਂਪ ਏ।
ਸਮਾਂ ਸੀ ਸੁਲੱਖਣਾ, ਢੁਕ ਗਏ ਢੋ ਸੋਹਣੇ,
ਪ੍ਰਭੂ ਦੇ ਪਿਆਰਿਆਂ ਦਾ ਹੋ ਗਿਆ ਮਿਲਾਪ ਏ।

ਪਰਖਾਂ ਦੇ ਕੰਡੇ ਉੱਤੇ, ਚਾੜ੍ਹ ਇਕ ਦੂਸਰੇ ਦੀ,
ਭਗਤੀ ਤੇ ਸ਼ਕਤੀ ਨੂੰ ਲਿਆ ਤੋਲ ਨਾਪ ਏ।
ਸੱਚ ਦੇ ਵਪਾਰੀਆਂ ਨੂੰ ਘਰ ਆਏ ਵੇਖ ਕੇ,
"ਜੀ ਆਇਆਂ" ਆਖਿਆ ਗੁਰੂ ਰਵਿਦਾਸ ਜੀ।
ਜਾਈਏ ਬਲਿਹਾਰ, ਬਲਿਹਾਰ ਉਨ੍ਹਾਂ ਰਾਹਾਂ ਤੋਂ,
ਜਿਨ੍ਹੀ ਰਾਹੀਂ ਆਏ ਚਲ ਤੁਸੀਂ ਸਾਡੇ ਪਾਸ ਜੀ।
ਪ੍ਰੇਮ ਦੀ ਤਾਂ ਜੇਵਰੀ 'ਚ ਉਦੋਂ ਈਂ ਸਾਨੂੰ ਬੰਨ੍ਹ ਲਿਆ,
ਭੁੱਖਿਆਂ ਨੂੰ ਦਿੱਤਾ ਜਦੋਂ ਅੰਨ ਦਾ ਗ੍ਰਾਸ ਜੀ।
ਅੱਜ ਭੀ ਹੈ ਲੋੜ ਡਾਢੀ ਆਪ ਜੀ ਦੀ ਉਨ੍ਹਾਂ ਤਾਈਂ,
ਹੜੇ ਬੈਠੇ ਜ਼ਿੰਦਗੀ ਤੋਂ ਹੋਇਕੇ ਬੇਆਸ ਜੀ।
ਚੰਗਾ ਹੋਇਆ ਅੱਜ ਸਾਡਾ ਹੋ ਗਿਆ ਮਿਲਾਪ ਫੇਰ,
ਆਓ ਜੀਉਂਦੇ ਜ਼ਾਲਮਾਂ ਦੀ ਚਮੜੀ ਉਧੇੜੀਏ।
ਦਿਨ-ਦੀਵੀਂ ਪਾਣੀਆਂ ਦੇ ਵਿਚ ਜਿਨ੍ਹਾਂ ਪਾੜੇ ਪਾਏ,
ਉਹ ਜਿਹੇ ਪੁਆੜੇ ਹੱਥੇ, ਜੜ੍ਹ ਤੋਂ ਉਖੇੜੀਏ।
ਜਿਹੜਾ ਹੱਥੀਂ ਕੰਮ ਕਰੇ ਉਹ ਰੱਜ ਖਾਵੇ ਰੋਟੀ,
ਵੇਹਲੜਾਂ ਵਿਰੁੱਧ ਹੁਣ ਜੰਗ ਕੋਈ ਛੇੜੀਏ।
ਹੱਕ ਅਤੇ ਸੱਚ ਦੀ ਜਮਾਇਤ ਕਾਇਮ ਕਰ ਕੇ ਤੇ,
ਦੁੱਧ ਅਤੇ ਪਾਣੀ ਵੱਖੋ-ਵੱਖਰਾ ਨਖੇੜੀਏ।
ਜਾਤਾਂ ਅਤੇ ਵਰਣਾਂ ਦੇ ਜਿਨ੍ਹਾਂ ਨੇ ਰਚਾਏ ਢੌਂਗ,
ਪਹਿਲਾਂ ਅਸੀਂ ਸੋਧਣਾ ਹੈ ਮਜ਼ਬੀ ਮੁਹਾਣਿਆਂ।
ਪੌਣੀ ਹੈ ਪਿਰਤ ਗ਼ਰੀਬਾਂ ਵਿਚ ਵੰਡਣੇ ਦੀ,
ਸਾਂਭੀ ਹੋਈ ਦੌਲਤ ਜੋ ਵੱਡਿਆਂ ਘਰਾਣਿਆਂ।
ਕਾਂਸ਼ੀ ਦੇ ਪ੍ਰੋਹਤ ਕਹਿੰਦੇ, ਗੰਗਾ ਬਿਨਾਂ ਗਤੀ ਹੀ ਨਹੀਂ,
ਮੱਕੇ ਬਿਨਾਂ ਮੁੱਕਦੀ ਨਹੀਂ ਮਿੱਥੀ ਹੈ ਮੁਲਾਣਿਆਂ।
ਨਰਕਾਂ ਤੇ ਸੁਰਗਾਂ ਦੇ ਲਾਰੇ ਲਾ ਕੇ ਜੀਵਾਂ ਤਾਈਂ,
ਖਾਣੇ ਦੇ ਬਣਾਏ ਢੰਗ ਵੇਹਲੜਾਂ ਦੇ ਢਾਣਿਆਂ।
ਸੱਚੀ ਗੱਲ ਕੀ ਮੈਥੋਂ ਨਾਨਕ ਜੀ! ਪੁੱਛਦੇ ਹੋ,
ਇਹਨਾਂ ਪਤੀਜੇ ਮੇਰੇ ਕੰਧੇ ਦੇ ਭੀ ਚੀਰਿਆਂ।
ਧਉਲਿਆਂ ਦਾ ਵਾਸਤਾ ਪਾਉਂਦੇ ਗਏ ਫਰੀਦ ਜੀ,
ਇਕ ਭੀ ਨਾ ਸੁਣੀ ਉਹਦੀ ਇਨ੍ਹਾਂ ਬੇਜ਼ਮੀਰਿਆਂ।
ਕਲਮ ਕਬੀਰ ਜੀ ਦੀ ਰੋਈ ਤੇ ਚਿੱਲਾਈ ਬੜਾ,
ਹੋਕਾ ਦਿੱਤਾ ਨਾਮਦੇਵ ਜੈਸੇ ਮੇਰੇ ਵੀਰਿਆਂ।

ਪਰਖਾਂ 'ਚ ਪਾਇਆ ਏ ਸ਼ੰਬੂਕ ਤੇ ਇਕਲਵ ਨੂੰ,
ਕੀਤੇ ਉਪਕਾਰ ਬਾਲਮੀਕ ਜੈਸੇ ਹੀਰਿਆਂ।
ਜਿਹੜਾ ਦੁਖੀ ਰੋਗੀਆਂ ਦੇ ਰੋਗ ਨੂੰ ਪਹਿਚਾਣ ਸਕੇ,
ਆਪ ਜੈਸੇ ਵੈਦਾਂ ਪੰਸਾਰੀਆਂ ਦੀ ਲੋੜ ਸੀ।
ਕਿਰਤੀਆਂ ਦੀ ਕਦਰ ਕਰੇ, ਵੇਹਲੜਾਂ ਦੇ ਵੱਟ ਕੱਢੇ,
ਆਪ ਜੈਸੇ ਦਾਤਾ ਨਿਆਇਕਾਰੀਆਂ ਦੀ ਲੋੜ ਸੀ।
ਦੋ ਨੂੰ ਜਨਮ ਦੇ ਕੇ ਤੀਜੇ ਦੀ ਨਾ ਲੋੜ ਭਾਸੇ,
ਆਪ ਜੈਸੇ ਜਤ ਸਤ ਧਾਰੀਆਂ ਦੀ ਲੋੜ ਸੀ।
ਨਾਨਕ ਨਿਰੰਕਾਰੀ ਕਿਹਾ, ਸ੍ਰੀ ਰਵਿਦਾਸ ਜੀਓ,
ਆਪ ਦਾ ਮਿਸ਼ਨ ਘਰ ਘਰ 'ਚ ਪਹੁੰਚਾਵਾਂਗਾ।
ਵੱਡਿਆਂ ਨੂੰ ਛੋਟਿਆਂ ਦੀ ਸੇਵਾ ਲਈ ਪ੍ਰੇਰਾਂਗਾ ਤੇ,
ਨੀਚਾਂ ਵਿਚ ਨੀਚ ਬਣ ਜ਼ਿੰਦਗੀ ਬਿਤਾਵਾਂਗਾ।
ਬੇਗਮਪੁਰੇ ਵਾਲਾ ਰਾਹ ਤੁਸਾਂ ਦੱਸਿਆ ਜੋ,
ਭੁਲੇ ਹੋਏ ਪਾਂਧੀਆਂ ਨੂੰ ਓਸ ਰਾਹ ਪਾਵਾਂਗਾ।
'ਮਾਣਕ' ਅਮੁੱਲੀ ਦਾਤ ਗੁਰਮੁਖੀ ਅੱਖਰਾਂ ਦੀ,
ਏਸ ਤਾਈਂ ਸਾਰੇ ਸੰਸਾਰ 'ਚ ਚਲਾਵਾਂਗਾਂ।

## ਅਪ੍ਰੈਲ ਮਹੀਨੇ ਦੀਆਂ ਛੁੱਟੀਆਂ

ਭੰਡਾਰਾ ਬਾਬਾ ਸਾਵਣ ਸਿੰਘ ਜੀ ਬਿਆਸ..............2-5 ਅਪ੍ਰੈਲ
ਸ੍ਰੀ ਦੁਰਗਾ ਅਸ਼ਟਮੀ..............................4 ਅਪ੍ਰੈਲ
ਸ੍ਰੀ ਰਾਮ ਨੌਮੀ..............................5 ਅਪ੍ਰੈਲ
ਈਦ-ਉਲ-ਜੁਹਾ ਬਕਰੀਦ..............................8 ਅਪ੍ਰੈਲ
ਮਹਾਂਵੀਰ ਜਯੰਤੀ..............................9 ਅਪ੍ਰੈਲ
ਗੁਡ ਫਰਾਈ ਡੇ..............................10 ਅਪ੍ਰੈਲ
ਹਨੂਮਾਨ ਜਯੰਤੀ..............................11 ਅਪ੍ਰੈਲ
ਕੁੰਭ ਮਹਾਂ ਪਰਵ..............................13 ਅਪ੍ਰੈਲ
ਵਿਸਾਖੀ..............................13 ਅਪ੍ਰੈਲ
ਮੁਹਰਮ..............................8 ਅਪ੍ਰੈਲ
ਅਕਸ਼ਯ ਤੀਜ..............................29 ਅਪ੍ਰੈਲ
ਜੋੜ ਮੇਲਾ ਖੁਰਾਲ ਗੜ ਸਾਹਿਬ..............................13 ਅਪ੍ਰੈਲ
(ਇਤਿਹਾਸਕ ਸਥਾਨ ਸ੍ਰੀ ਗੁਰੂ ਰਵਿਦਾਸ ਜੀ)

| | |
|---|---|
| ਸੰਗਰਾਂਦ : 13 ਅਪ੍ਰੈਲ | ਮੱਸਿਆ : 26 ਅਪ੍ਰੈਲ |
| ਪੂਰਨਮਾਸ਼ੀ : 11 ਅਪ੍ਰੈਲ | ਪੰਚਮੀ : 1, 30 ਅਪ੍ਰੈਲ |

## ਸਾਡੇ ਸਵਾਲ ਤੁਹਾਡੇ ਜਵਾਬ

(1) ਗੁਰੂ ਰਵਿਦਾਸ ਜੀ ਦਾ ਜਨਮ ਕਿੱਥੇ ਹੋਇਆ?

(2) ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਸਨ?

(3) ਸ੍ਰੀ ਗੁਰੂ ਰਵਿਦਾਸ ਜੀ ਦੀ ਪਤਨੀ ਅਤੇ ਬੱਚੇ ਦਾ ਕੀ ਨਾਮ ਸੀ?

(4) ਸ੍ਰੀ ਗੁਰੂ ਰਵਿਦਾਸ ਜੀ ਦੇ ਕਿੰਨੇ ਸ਼ਬਦ ਅਤੇ ਸਲੋਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ?

(5) ਕੀ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਮੂਰਤੀ ਪੂਜਾ ਠੀਕ ਹੈ?

ਨੋਟ : ਹਵਾਲੇ ਸਹਿਤ ਸਹੀ ਜਵਾਬ ਭੇਜਣ ਵਾਲੇ ਨੂੰ ਸਪੈਸ਼ਲ ਤੋਹਫਾ ਭੇਜਿਆ ਜਾਵੇਗਾ। ਇਹ ਜਵਾਬ ਸਾਨੂੰ 15-4-98 ਤੱਕ ਮਿਲ ਜਾਣੇ ਚਾਹੀਦੇ ਹਨ। ਸਾਰੀਆਂ ਸਹੀ ਜਵਾਬ ਵਾਲੀਆਂ ਚਿੱਠੀਆਂ ਨੂੰ ਮਿਲਾ ਕੇ ਵਿਚੋਂ ਇਕ ਚਿੱਠੀ ਕੱਢੀ ਜਾਵੇਗੀ, ਜਿਸ ਦੀ ਚਿੱਠੀ ਹੋਵੇਗੀ ਉਹ ਹੀ ਇਨਾਮ ਦਾ ਹੱਕਦਾਰ ਹੋਵੇਗਾ, ਬਾਕੀ ਸਹੀ ਜਵਾਬ ਦੇ ਨਾਮ ਅਗਲੀ ਕਿਤਾਬ ਵਿਚ ਛਪਵਾ ਦਿੱਤੇ ਜਾਣਗੇ।

## ਤੁਹਾਡੇ ਸਵਾਲ, ਸਾਡੇ ਜਵਾਬ

ਆਪ ਜੀ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਸੰਬੰਧੀ ਕੋਈ ਸਵਾਲ ਪੁਛਣਾ ਚਾਹੋ ਤਾਂ ਸਾਨੂੰ ਚਿੱਠੀ ਪਾ ਦਿਉ। ਅਸੀਂ ਉਸ ਦਾ ਜਵਾਬ ਅਗਲੀ ਕਿਤਾਬ ਵਿਚ ਛਾਪ ਕੇ ਦੇਵਾਂਗੇ।

ਸਵਾਲ ਜਾਂ ਜਵਾਬ ਭੇਜਣ ਦਾ ਪਤਾ :

ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ

ਪਿੰਡ ਤੇ ਡਾ: ਬਿਨਪਾਲਕੇ, ਜਲੰਧਰ-144201

## ਸਹਿਯੋਗੀ ਸੱਜਣ

- ਅਸ਼ਵਨੀ ਕੁਮਾਰ ਸਈਪੁਰ ਕਲਾਂ
- ਰਣਜੀਤ ਸਿੰਘ ਚਮਿਆਰੀ
- ਗੁਰਦਿਆਲ ਘੋੜਾਬਾਹੀ ਅੱਡਾ
- ਸ਼ਾਮ ਮਿਊਜ਼ਿਕ ਸੈਂਟਰ ਸਈਪੁਰ ਕਲਾਂ-ਜਲੰਧਰ
- ਸ. ਚਮਨ ਸਿੰਘ ਨੰਗਲ